52

# ''ਨਾ ਡਰ''

## (18:1-11)

ਤੁਹਾਨੂੰ ਕਦੇ ਡਰ ਲੱਗਿਆ ਹੈ? ਸਾਨੂੰ ਸਭ ਨੂੰ ਕਦੇ ਨਾ ਕਦੇ, ਕਿਤੇ ਨਾ ਕਿਤੇ ਡਰ ਜ਼ਰੂਰ ਲਗਦਾ ਹੈ, ਕਈ ਤਾਂ ਡਰਦੇ ਹੀ ਰਹਿੰਦੇ ਹਨ। ਸਕੂਲ ਦੇ ਬੱਚਿਆਂ ਨੂੰ ਡਰ ਹੁੰਦਾ ਹੈ ਕਿ ਇਮਤਿਹਾਨ ਵਿਚ ਫ਼ੇਲ੍ਹ ਨਾ ਹੋ ਜਾਈਏ। ਮਜ਼ਦੂਰਾਂ ਨੂੰ ਡਰ ਹੁੰਦਾ ਹੈ ਕਿ ਉਨ੍ਹਾਂ ਦੀ ਛਾਂਟੀ ਨਾ ਹੋ ਜਾਵੇ। ਨਵੇਂ ਵਿਆਹੇ ਜੋੜਿਆਂ ਨੂੰ ਡਰ ਹੁੰਦਾ ਹੈ ਕਿ ਉਨ੍ਹਾਂ ਦਾ ਪਿਆਰ ਉਵੇਂ ਹੀ ਨਹੀਂ ਰਹੇਗਾ। ਹਜ਼ਾਰਾਂ ਲੋਕਾਂ ਨੂੰ ਆਪਣੇ ਅਤੀਤ ਦੀਆਂ ਗੁਪਤ ਗੱਲਾਂ ਦੇ ਨਾ ਬਦਲਣ ਦਾ, ਅਸੁਰੱਖਿਅਤ ਵਰਤਮਾਨ ਦਾ ਅਤੇ ਧੁੰਦਲੇ ਭਵਿੱਖ ਦਾ ਡਰ ਰਹਿੰਦਾ ਹੈ।

ਡਰ ਮਨੁੱਖ ਦੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਬਣ ਚੁੱਕਾ ਹੈ। ਜੇ ਸ਼ੱਕ ਹੋਵੇ ਤਾਂ ਆਪਣੀ ਬਾਈਬਲ ਚੁੱਕੋ ਅਤੇ ਵੇਖੋ ਕਿ ''ਡਰ'' ਅਤੇ ''ਭੈਅ'' ਸ਼ਬਦ ਕਿੱਥੇ ਕਿੱਥੇ ਆਇਆ ਹੈ। ਉਤਪਤ ਦੀ ਕਿਤਾਬ ਵਿਚ ਹੀ ਤੁਸੀਂ ਵੇਖੋਗੇ ਕਿ ਕਦੇ ਨਾ ਕਦੇ ਬਾਈਬਲ ਦਾ ਹਰ ਮੁੱਖ ਪਾਤਰ ਡਰਿਆ, ਭਾਵੇਂ ਉਹ ਆਦਮ ਹੋਵੇ ਜਾਂ ਅਬਰਾਹਾਮ, ਸਾਰਾ, ਲੂਤ, ਇਸਹਾਕ, ਯਾਕੂਬ ਹੋਵੇ ਜਾਂ ਯਾਕੂਬ ਦੇ ਪੁੱਤਰ (ਉਤਪਤ 3:10; 15:1; 18:15; 19:30; 20:11; 26:7; 31:31; 43:18)। ਪਰ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਡਰਨਾ ਤਾਂ ਸੁਭਾਵਕ ਹੈ, ਪਰ ਡਰ-ਡਰ ਕੇ *ਜੀਣਾ* ਸੁਭਾਵਕ ਨਹੀਂ ਹੈ।

ਇਸ ਪਾਠ ਵਿਚ ਅਸੀਂ ਵੇਖਾਂਗੇ ਕਿ ਅਡੋਲ ਰਸੂਲ ਪੌਲੁਸ ਵੀ ਡਰ ਨਾਲ ਘਬਰਾ ਗਿਆ ਸੀ। ਅਸੀਂ ਇਹ ਵੀ ਵੇਖਾਂਗੇ ਕਿ ਪ੍ਰਭੂ ਨੇ ਕਿਵੇਂ ਉਸ ਨੂੰ ਡਰ ਉੱਤੇ ਕਾਬੂ ਪਾਉਣ ਵਿਚ ਉਹਦੀ ਮਦਦ ਕੀਤੀ ਅਤੇ ਪ੍ਰਭੂ ਕਿਵੇਂ ਸਾਡੇ ਡਰ ਨੂੰ ਕੱਢਣ ਵਿਚ ਮਦਦ ਕਰ ਸਕਦਾ ਹੈ।

ਪੌਲੁਸ ਅਥੇਨੇ ਵਿਚ ਵਚਨ ਸੁਣਾ ਰਿਹਾ ਸੀ, ਜੋ ਦੁਨੀਆਂ ਦਾ ਸਿੱਖਿਆ ਅਤੇ ਸੱਭਿਆਚਾਰ ਦਾ ਕੇਂਦਰ ਸੀ। ਅਧਿਆਇ 18 ਦੀ ਸ਼ੁਰੂਆਤ ਇਸ ਜਾਣਕਾਰੀ ਨਾਲ ਹੁੰਦੀ ਹੈ: ''ਇਹਦੇ ਪਿੱਛੋਂ ਪੌਲੁਸ ਅਥੇਨੇ ਤੋਂ ਤੁਰ ਕੇ ਕੁਰਿੰਥੁਸ ਵਿਚ ਆਇਆ।''[1] ਕੁਰਿੰਥੁਸ ਉੱਥੋਂ ਪੱਛਮ ਵੱਲ ਚਾਲੀ ਕੁ ਮੀਲ (64 ਕਿਲੋਮੀਟਰ) ਸੀ, ਪਰ ਪੌਲੁਸ ਤਾਂ ਕਿਸੇ ਹੋਰ ਦੇਸ਼ ਵਿਚ ਵੀ ਜਾ ਰਿਹਾ ਹੋਵੇਗਾ। ਅਥੇਨੇ ਇਕ ਛੋਟਾ ਜਿਹਾ ਯੂਨੀਵਰਸਿਟੀ ਨਗਰ ਸੀ ਜਦ ਕਿ ਕੁਰਿੰਥੁਸ ਦੁਨੀਆਂ ਦੇ ਵਪਾਰਿਕ ਕੇਂਦਰਾਂ ਵਿਚ ਸ਼ੁਮਾਰ ਹੁੰਦਾ ਸੀ।[2] ਅਥੇਨੇ ਦੇ ਲੋਕਾਂ ਦੀ ਦਿਲਚਸਪੀ ਗਿਆਨ ਪਾਉਣ ਵਿਚ ਸੀ ਜਦ ਕਿ ਕੁਰਿੰਥੁਸ ਦੇ ਲੋਕ ਐਸ਼-ਪ੍ਰਸਤੀ ਵਿਚ ਫ਼ਸੇ ਹੋਏ ਸਨ। ਅਥੇਨੇ ਦੇ ਲੋਕ ਸੱਚਾਈ ਦੀ ਭਾਲ ਕਰਨ ਦਾ ਦਾਅਵਾ ਕਰਦੇ ਸਨ ਜਦ ਕਿ ਕੁਰਿੰਥੁਸ ਦੇ ਲੋਕ ਬੇਸ਼ਰਮੀ ਨਾਲ ਅੱਯਾਸ਼ੀ ਦੇ ਮਗਰ ਪਏ ਸਨ।

## ਪੌਲੁਸ ਨੂੰ ਇਕ ਦਿੱਕਤ ਸੀ (18:1, 9)

ਰਸੂਲਾਂ ਦੇ ਕੰਮ 18:1-8 ਵਿਚ ਕੁਰਿੰਥੁਸ ਵਿਚ ਪੌਲੁਸ ਦੇ ਸ਼ੁਰੂਆਤੀ ਕੰਮ ਬਾਰੇ ਪੜ੍ਹਨ ਤੇ ਪਤਾ ਲਗਦਾ ਹੈ ਕਿ ਉੱਥੇ ਉਹਨੂੰ ਫ਼ਤਹਿ ਤੇ ਫ਼ਤਹਿ ਮਿਲਦੀ ਜਾ ਰਹੀ ਸੀ। ਅਸੀਂ ਮੰਨ ਲਵਾਂਗੇ ਕਿ ਪੌਲੁਸ ਅਨੰਦ ਅਤੇ ਵਿਸ਼ਵਾਸ ਨਾਲ ਭਰਿਆ ਹੋਇਆ ਸੀ। ਇਸ ਲਈ ਇਹ ਪੜ੍ਹਨ ਤੇ ਕਿ ਪ੍ਰਭੂ ਨੇ ਪੌਲੁਸ ਨੂੰ ਇਹ ਸੰਦੇਸ਼ ਦੇ ਕੇ ਦਰਸ਼ਨ ਦਿੱਤਾ ਕਿ ''ਨਾ ਡਰ'' ਆਇਤ 9 ਸਾਨੂੰ ਹੈਰਾਨ ਕਰ ਦਿੰਦੀ ਹੈ। ''ਨਾ ਡਰ''? ਅਸੀਂ ਪੁਕਾਰ ਉੱਠਦੇ ਹਾਂ, ''ਪਰ ਸਾਨੂੰ ਤਾਂ ਪਤਾ ਨਹੀਂ ਲੱਗਿਆ ਕਿ ਉਹ ਡਰਿਆ ਕਦੋਂ ਸੀ।'' ਪਰ ਹਕੀਕਤ ਇਹੀ ਹੈ ਕਿ ਪੌਲੁਸ ਕੁਰਿੰਥੁਸ ਮਹਾਂਨਗਰ ਵਿਚ ਵੜਨ ਤੇ ਭੈਅ ਅਤੇ ਸ਼ੰਕਾ ਨਾਲ ਪੀੜਤ ਸੀ।

ਕੁਰਿੰਥੁਸ ਵਿਚ ਪੌਲੁਸ ਦੀ ਵਚਨ ਦੀ ਸੇਵਕਾਈ ਦੌਰਾਨ ਸਾਨੂੰ ਉਹਦੀ ਗੱਲਬਾਤ ਤੋਂ ਇਹਦਾ ਪਤਾ ਲਗਦਾ ਹੈ, ਉਹਨੇ ਲਿਖਣ ਦੀ ਆਪਣੀ ਸੇਵਕਾਈ ਦੀ ਸ਼ੁਰੂਆਤ ਗੰਭੀਰ ਹੋ ਕੇ ਕੀਤੀ।[3] ਇਸ ਕਰਕੇ ਲੂਕਾ ਵੱਲੋਂ ਅਰੰਭੇ ਗਏ ਵਿਰਤਾਂਤ ਅਤੇ ਛੱਡੇ ਗਏ ਖਾਲੀ ਥਾਂ ਨੂੰ ਪੂਰਾ ਕਰਨ ਲਈ ਸਾਡੇ ਕੋਲ ਉਹਦੀਆਂ ਪੱਤਰੀਆਂ ਹਨ।[4] ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਨਾਂਅ ਚਿੱਠੀ ਵਿਚ ਪੌਲੁਸ ਨੇ ਉਨ੍ਹਾਂ ਦੇ ਸ਼ਹਿਰ ਵਿਚ ਵੜਨ ਵੇਲੇ ਆਪਣੀ ਦਿਮਾਗ਼ੀ ਹਾਲਤ ਬਾਰੇ ਦੱਸਿਆ:

> ਹੇ ਭਰਾਵੋ, ਮੈਂ ਤੁਹਾਨੂੰ ਪ੍ਰਮੇਸ਼ਵਰ ਦੀ ਸਾਖੀ ਦੀ ਖ਼ਬਰ ਦਿੰਦਾ ਹੋਇਆ ਤੁਹਾਡੇ ਕੋਲ ਆਇਆ ਤਾਂ ਬਚਨ ਯਾ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ। . . . ਅਤੇ ਮੈਂ ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸਾਂ (1 ਕੁਰਿੰਥੀਆਂ 2:1-3)।

ਪੌਲੁਸ ''ਦੁਰਬਲਤਾਈ ਅਤੇ ਭੈਅ ਅਤੇ ਕਾਂਬੇ ਨਾਲ'' ਕੁਰਿੰਥੁਸ ਵਿਚ ਕਿਉਂ ਆਇਆ ਸੀ? ਥੋੜ੍ਹਾ ਬਹੁਤ ਇਨਸਾਨੀ ਮਨ ਅਤੇ ਪੌਲੁਸ ਦੇ ਹਾਲਾਤ ਨੂੰ ਜਾਣਦੇ ਹੋਏ, ਅਸੀਂ ਕੁਝ ਕਿਆਫ਼ਾ ਲਾ ਸਕਦੇ ਹਾਂ।

### ਪਰੇਸ਼ਾਨ ਕਰਨ ਵਾਲਾ ਅਤੀਤ

ਸਾਡੇ ਵਿੱਚੋਂ ਬਹੁਤਿਆਂ ਵਾਂਗ ਪੌਲੁਸ ਦੇ ਦਿਮਾਗ਼ ਵਿਚ *ਅਤੀਤ* ਨਾਲ ਜੁੜੀਆਂ ਗੱਲਾਂ ਰਹੀਆਂ ਹੋਣਗੀਆਂ। ਬੇਸ਼ੱਕ ਅਥੇਨੇ ਵਿਚ ਥੋੜ੍ਹੇ ਜਿਹੇ ਲੋਕਾਂ ਵੱਲੋਂ ਇੰਜੀਲ ਨੂੰ ਕਬੂਲ ਕਰਨ ਦੀ ਗੱਲ ਨੇ ਵੀ ਉਹਨੂੰ ਪਰੇਸ਼ਾਨ ਕਰ ਦਿੱਤਾ। ਥੋੜ੍ਹੀ ਦੇਰ ਉੱਥੇ ਰਹਿਣ ਦੇ ਬਾਅਦ ਉਹ ਅਥੇਨੇ ਤੋਂ ਚਲਿਆ ਗਿਆ, ਇਸ ਲਈ ਨਹੀਂ ਕਿ ਉਸ ਨੇ ਜਾਣਾ ਸੀ ਸਗੋਂ ਇਸ ਲਈ ਕਿ ਉਹਨੇ ਜਾਣਾ ਚਾਹਿਆ। (ਯੂਨਾਨ ਵਿਚ ਅਥੇਨੇ ਪਹਿਲਾ ਸ਼ਹਿਰ ਸੀ ਜਿੱਥੇ ਪੌਲੁਸ ਨੂੰ ਸ਼ਹਿਰ ਛੱਡਣ ਲਈ ਮਜਬੂਰ ਨਹੀਂ ਕੀਤਾ ਗਿਆ ਸੀ!) ਸਾਫ਼ ਹੈ ਕਿ ਉਹਨੂੰ ਲੱਗਾ ਹੋਵੇਗਾ ਕਿ ਅਥੇਨੇ ਦੇ ਫ਼ਿਲਾਸਫ਼ਰਾਂ ਵਿਚ ਰਹਿ ਕੇ ਉਹ ਕੁਝ ਨਹੀਂ ਕਰ ਸਕੇਗਾ।

ਫਿਰ ਫਿਲਿੱਪੈ, ਥੱਸਲੁਨੀਕੇ ਅਤੇ ਬਰੀਆ ਵਿਚ ਬਣੀਆਂ ਨਵੀਂਆਂ ਮੰਡਲੀਆਂ ਦੀ ਆਸਥਾ ਦਾ ਬੋਝ ਵੀ ਉਹਦੇ ਮਨ ਤੇ ਸੀ (2 ਕੁਰਿੰਥੀਆਂ 11:28)। ਖ਼ਾਸ ਕਰਕੇ ਉਹਦਾ ਧਿਆਨ ਥੱਸਲੁਨੀਕੇ ਦੇ ਨਵੇਂ ਮਸੀਹੀਆਂ ਵੱਲ ਸੀ। ਉਹਨੂੰ ਡਰ ਸੀ ਕਿ ''ਨਾ ਹੋਵੇ ਜੋ ਪਰਤਾਉਣ ਵਾਲੇ ਨੇ ਤੁਹਾਨੂੰ [ਉਨ੍ਹਾਂ ਨੂੰ] ਕਿਵੇਂ ਨਾ ਕਿਵੇਂ ਪਰਤਾਇਆ ਹੋਵੇ ਅਤੇ ਸਾਡੀ ਮਿਹਨਤ ਅਕਾਰਥ ਗਈ ਹੋਵੇ'' (1 ਥੱਸਲੁਨੀਕੀਆਂ 3:5)।

**ਡਾਂਵਾਂਡੋਲ ਵਰਤਮਾਨ**

ਜਿਵੇਂ ਅਸੀਂ ਆਮ ਤੌਰ ਤੇ ਕਰਦੇ ਹਾਂ, ਪੌਲੁਸ ਨੇ *ਜੋ ਹੋ ਰਿਹਾ ਸੀ* ਉਹਨੂੰ ਹੋਣ ਦਿੱਤਾ ਹੋਵੇਗਾ। ਉਹ ਦੂਜਿਆਂ ਨੂੰ ਹੱਲਾ-ਸ਼ੇਰੀ ਦੇਣ ਵਾਲਾ ਸੀ। ਜੇ ਉਹਦੀ ਬੇਨਤੀ ਮੰਨ ਕੇ ਸੀਲਾਸ ਅਤੇ ਤਿਮੋਥਿਉਸ ਅਥੇਨੇ ਵਿਚ ਉਹਦੇ ਨਾਲ ਮਿਲ ਗਏ ਸਨ, ਤਾਂ ਉਹਨੇ ਉਨ੍ਹਾਂ ਨੂੰ ਝੱਟ ਮਕਦੂਨੀਆਂ ਵਿਚ ਭੇਜ ਦਿੱਤਾ ਹੋਵੇਗਾ।[5] ਇੰਜ ਉਹ ਇਕੱਲਾ ਪੰਜ ਲੱਖ ਦੀ ਅਬਾਦੀ ਵਾਲੇ ਸ਼ਹਿਰ ਵਿਚ ਅਜਨਬੀ ਸੀ।[6] ਫਿਰ ਸ਼ਾਇਦ ਕੁਰਿੰਥੁਸ ਵਿਚ ਦਾਖ਼ਲ ਹੋਣ ਵੇਲੇ ਪੌਲੁਸ ਕੋਲ ਕੋਈ ਪੈਸਾ ਵੀ ਨਹੀਂ ਸੀ। ਇਸ ਤੋਂ ਵੀ ਵੱਡੀ ਗੱਲ, ਇਹ ਵੀ ਹੋ ਸਕਦੀ ਹੈ ਕਿ ਵੈਦ ਲੂਕਾ ਦੀ ਗ਼ੈਰ ਮੌਜੂਦਗੀ ਵਿਚ, ਕੁਰਿੰਥੁਸ ਵਿਚ ਆਉਣ ਵੇਲੇ ਪੌਲੁਸ ਬੀਮਾਰ ਸੀ (1 ਕੁਰਿੰਥੀਆਂ 2:3 ਵਿਚ ''ਦੁਰਬਲਤਾਈ'' ਸ਼ਬਦ ਉਹਦੀ ਜਿਸਮਾਨੀ ਹਾਲਤ ਦਾ ਸੰਕੇਤ ਹੋ ਸਕਦਾ ਹੈ)। 2 ਕੁਰਿੰਥੀਆਂ 12:7 ਵਿਚ ਪੌਲੁਸ ਨੇ ਆਪਣੇ ''ਸਰੀਰ ਵਿਚ ਕੰਡਾ'' ਚੁਭਣ ਦੀ ਗੱਲ ਇਵੇਂ ਕੀਤੀ ਜਿਵੇਂ ਕੁਰਿੰਥੁਸ ਦੇ ਲੋਕਾਂ ਨੂੰ ਪਤਾ ਹੀ ਸੀ। ਗਰੀਬੀ ਅਤੇ ਬੀਮਾਰੀ ਨਾਲ ਇਕੱਲਾਪਨ ਸੂਰਮੇ ਨੂੰ ਵੀ ਡਰਾ ਸਕਦਾ ਹੈ।

ਪੌਲੁਸ ਨੂੰ ਕਿਸੇ ਹੱਦ ਤਕ ਕੁਰਿੰਥੁਸ ਨੇ ਵੀ ਡਰਾਇਆ ਸੀ। ਸ਼ਹਿਰ ਬਹੁਤ ਅਮੀਰ ਅਤੇ ਪੂਰੀ ਤਰ੍ਹਾਂ ਭ੍ਰਸ਼ਟ ਸੀ। ਵਪਾਰਿਕ ਪੱਖੋਂ ਕੁਰਿੰਥੁਸ ਇਕ ਆਦਰਸ਼ ਸ਼ਹਿਰ ਸੀ। ਇਹ ਯੂਨਾਨ ਨਾਲ ਲਗਦੇ ਪੈਲੋਪੋਨੇਸੀ ਪ੍ਰਾਇਦੀਪ ਨੂੰ ਯੂਨਾਨ ਨਾਲ ਮਿਲਾਉਂਦੇ ਤੰਗ ਇਸਥਮੁਸ[7] ਤੇ ਸਥਿਤ ਸੀ, ''ਜਿੱਥੇ ਸਮੁੰਦਰ ਯੂਨਾਨ ਨੂੰ ਲਗਭਗ ਦੋ ਹਿੱਸਿਆਂ ਵਿਚ ਵੰਡਦਾ ਸੀ।'' ਪੂਰਬ-ਪੱਛਮ ਦਾ ਸਾਰਾ ਕਾਰੋ-ਬਾਰ ਕੁਰਿੰਥੁਸ ਵਿੱਚੋਂ ਦੀ ਹੁੰਦਾ ਸੀ। ਇਹਦੇ ਇਲਾਵਾ ਖ਼ਤਰਨਾਕ ਸਮੁੰਦਰੀ ਹਾਲਤ ਕਾਰਣ ਉੱਤਰ-ਦੱਖਣ ਦਾ ਜ਼ਿਆਦਾਤਰ ਵਪਾਰ ਕੁਰਿੰਥੁਸ ਰਾਹੀਂ ਹੁੰਦਾ ਸੀ। ਪ੍ਰਾਇਦੀਪ ਦੇ ਕੰਢੇ ਤੇ ਮਲਿਆ ਅੰਤਰੀਪ ਸੀ। ਮਲਾਹਾਂ ਵਿਚ ਮਸ਼ਹੂਰ ਸੀ, ''ਜੋ ਕੋਈ ਮਲਿਆ ਅੰਤਰੀਪ ਵਿਚ ਜਾਣਾ ਚਾਹੁੰਦਾ ਹੈ ਉਹ ਆਪਣੀ ਮਰਜ਼ੀ ਨਾਲ ਜਾਂਦਾ ਹੈ ਤਾਂ ਜਾਵੇ।'' ਤੂਫ਼ਾਨੀ ਮਲਿਆ ਚੋਂ ਘੁੰਮ ਕੇ ਦੋ ਸੌ ਮੀਲ ਸਫ਼ਰ ਘੱਟ ਕਰਨ ਲਈ ਰੋਮ ਤੋਂ ਆਉਣ ਵਾਲੇ ਜ਼ਿਆਦਾਤਰ ਜਹਾਜ਼ ਲਿਕੇਯੁਮ (ਕੁਰਿੰਥੁਸ ਦੇ ਉੱਤਰ ਵੱਲ) ਆ ਕੇ ਠਹਿਰਦੇ ਸਨ; ਉੱਥੋਂ ਉਹ ਕਿੰਖਰੀਆ[8] (ਕੁਰਿੰਥੁਸ ਦੇ ਉੱਤਰ ਵੱਲ) ਵਿਚ ਇਕ ਦੂਜੇ ਤੋਂ ਬੰਦਰਗਾਹ ਵੱਲ ਇਸਥਮੁਸ ਤੋਂ ਕੁਝ ਮੀਲ ਅੱਗੇ ਮਾਲ ਲਾਹੁੰਦੇ-ਚੜ੍ਹਾਉਂਦੇ ਸਨ, ਜਿੱਥੋਂ ਸਮਾਨ ਜਹਾਜ਼ ਵਿਚ ਲੱਦਿਆ ਅਤੇ ਚੜ੍ਹਾਇਆ ਜਾਂਦਾ ਸੀ।[9] (ਛੋਟੇ ਜਹਾਜ਼ ਪੂਰੀ ਤਰ੍ਹਾਂ ਭਰ ਕੇ ਲੱਕੜ ਦੇ ਬਣੇ ਇਕ ਖ਼ਾਸ ਰਾਹ ਤੇ ਖਿੱਚ ਕੇ ਇਸਥਮੁਸ ਦੇ ਪਾਰ ਲਿਜਾਏ ਜਾਂਦੇ ਸਨ।)[10] ਇੰਜ ਕੁਰਿੰਥੁਸ ਤੋਂ ਦੁਨੀਆਂ ਭਰ ਦਾ ਕਾਰੋਬਾਰ ਹੁੰਦਾ ਸੀ।

ਪਰ ਕੁਰਿੰਥੁਸ ਆਪਣੇ ਵਪਾਰ ਕਰਕੇ ਜਗਤ ਪ੍ਰਸਿੱਧ ਨਹੀਂ ਸੀ। ਸਗੋਂ ਇਹ ਉਸ ਥਾਂ ਕਰਕੇ ਮਸ਼ਹੂਰ ਸੀ, ਜਿੱਥੋਂ ਦੁਨੀਆਂ ਦੇ ਨਜ਼ਰੀਏ ਨਾਲ ''ਚੰਗਾ ਵਕਤ'' ਆਉਂਦਾ ਸੀ। ਸ਼ਹਿਰ ਵਿਚ ਪ੍ਰੇਮ ਦੀ ਕਥਿਤ ਦੇਵੀ[11] ਅਫ਼ਰੋਦਿਤ ਦੇ ਮੰਦਰ ਨਾਲ ਸੱਜਿਆ ਅਕਰੋਕੁਰਿੰਥ ਸੀ।[12] ਦੁਨਿਆਵੀ ਇਤਿਹਾਸਕਾਰ ਮੰਦਿਰ ਵਿਚ ਸੇਵਾ ਕਰਨ ਵਾਲੀਆਂ ਇਕ ਹਜ਼ਾਰ ਪੁਜਾਰਨਾਂ (ਭਾਵ ਦੇਵ ਦਾਸੀਆਂ) ਬਾਰੇ ਦੱਸਦੇ ਹਨ, ਜੋ ਰਾਤ ਨੂੰ ਪਹਾੜ ਦੇ ਹੇਠਾਂ ਸ਼ਹਿਰ ਦੀਆਂ ਗਲੀਆਂ ਵਿਚ ਆ ਕੇ ਪੇਸ਼ਾ ਕਰਦੀਆਂ ਸਨ।[13] ਕੁਰਿੰਥੁਸ ਨੇ ਅੰਗ੍ਰੇਜ਼ੀ ਭਾਸ਼ਾ ਵਿਚ ਸੰਦੇਹ ਭਰਿਆ ਯੋਗਦਾਨ ਦਿੱਤਾ ਹੈ: ਅੰਗ੍ਰੇਜ਼ੀ ਵਿਚ ''corinthanize'' ਹੋਣ ਤੋਂ ਭਾਵ ਵਿਭਚਾਰ ਕਰਨਾ ਅਤੇ ''ਕੁਰਿੰਥੀਅਨ ਗਰਲ'' ਤੋਂ ਭਾਵ ਵੇਸਵਾ ਸੀ।[14]

ਕੁਰਿੰਥੁਸ ਨੂੰ ਵੇਖਣ ਤੇ ਪੌਲੁਸ ਇਸ ਦੀ ਹਵਸ, ਮੂਰਤੀਪੂਜਾ,[15] ਅਤੇ ਬੌਧਿਕ ਹੰਕਾਰ[16] ਤੋਂ ਬਹੁਤ ਪਰੇਸ਼ਾਨ ਹੋਇਆ ਹੋਵੇਗਾ। ਕੁਰਿੰਥੀਆਂ ਦੇ ਨਾਂਅ ਲਿਖੀ ਪੌਲੁਸ ਦੀ ਪਹਿਲੀ ਪੱਤਰੀ ਵਿਚ ਇਸ ਸ਼ਹਿਰ ਦੀ ਭੈਭੀਤ ਕਰਨ ਵਾਲੀ ਚੁਣੌਤੀ ਵੇਖੀ ਜਾ ਸਕਦੀ ਹੈ:

> ਅਥਵਾ ਤੁਸੀਂ ਨਹੀਂ ਜਾਣਦੇ ਜੋ ਕੁਧਰਮੀ ਲੋਕ ਪ੍ਰਮੇਸ਼ਵਰ ਦੇ ਰਾਜ ਦੇ ਅਧਿਕਾਰੀ ਨਹੀਂ ਹੋਣਗੇ? ਧੋਖਾ ਨਾ ਖਾਓ, ਨਾ ਹਰਾਮਕਾਰ, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ ਜਨਾਨੜੇ, ਨਾ ਮੁੰਡੇਬਾਜ਼, ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ, ਨਾ ਲੁਟੇਰੇ ਪ੍ਰਮੇਸ਼ਵਰ ਦੇ ਰਾਜ ਦੇ ਅਧਿਕਾਰੀ ਹੋਣਗੇ। *ਅਤੇ ਤੁਹਾਡੇ ਵਿੱਚੋਂ ਕਈ ਕੁ ਇਹੋ ਜਿਹੇ ਸਨ* ... (1 ਕੁਰਿੰਥੀਆਂ 6:9-11)।

ਰੂਹਾਨੀ ਤੌਰ ਤੇ ਅਥੇਨੇ ਜੋ ਬੰਜਰ ਜ਼ਮੀਨ ਸੀ, ਤਾਂ ਕੁਰਿੰਥੁਸ ਸੂਰਜ ਦੀ ਤਪਸ਼ ਨਾਲ ਸੜੇ ਹੋਏ ਮਾਰੂਥਲ ਵਰਗਾ ਨਜ਼ਰ ਆਉਂਦਾ ਹੋਵੇਗਾ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਪੌਲੁਸ ਨਾਲ ਮਿਲਾ ਸਕਦੇ ਹਨ। ਜ਼ਿੰਦਗੀ ਵਿਚ ਕਿਤੇ ਨਾ ਕਿਤੇ ਸਾਡੇ ਸਾਹਮਣੇ ਵੀ ਅਜਿਹੀਆਂ ਚੁਣੌਤੀਆਂ ਆਉਂਦੀਆਂ ਹਨ ਜੋ ਵੇਖਣ ਵਿਚ ਨਾਮੁਮਕਿਨ ਲੱਗਦੀਆਂ ਹਨ। ਮੈਨੂੰ ਅਜੇ ਵੀ ਸਿਡਨੀ ਹਾਰਬਰ ਬ੍ਰਿਜ ਦੇ ਕੰਢੇ ਤੋਂ ਆਸਟ੍ਰੇਲੀਆ ਦਾ ਸਿਡਨੀ ਸ਼ਹਿਰ ਵੇਖਣ ਤੇ ਹੈਰਾਨੀ ਹੁੰਦੀ ਹੈ ਕਿ ਮਜ਼ਦੂਰਾਂ ਦਾ ਛੋਟੇ ਜਿਹੇ ਸਮੂਹ ਦਾ ਐਨੇ ਵੱਡੇ ਸ਼ਹਿਰ ਤੇ ਕਿੰਨਾ ਅਸਰ ਹੋ ਸਕਦਾ ਹੈ।

#### ਅਣਚਾਹੀਆਂ ਸੰਭਾਵਨਾਵਾਂ

ਅਖ਼ੀਰ ਵਿਚ ਜਿਵੇਂ ਕਦੇ ਕਦੇ ਸਾਨੂੰ ਵੀਂ ਲਗਦਾ ਹੈ, ਪੌਲੁਸ ਦੀ ਦਿਲਚਸਪੀ *ਭਵਿੱਖ* ਬਾਰੇ ਹੋਵੇਗੀ। ਕੁਰਿੰਥੁਸ ਦੀ ਵਪਾਰਿਕ ਸਫ਼ਲਤਾ ਨੇ ਯਹੂਦੀਆਂ ਦੀ ਕਾਫ਼ੀ ਅਬਾਦੀ ਨੂੰ ਆਪਣੇ ਵੱਲ ਖਿੱਚਿਆ ਸੀ। ਇਹਦਾ ਮਤਲਬ ਇਹ ਸੀ ਕਿ ਸ਼ਹਿਰ ਵਿਚ ਸਿਨਾਗੋਗ ਹੈ ਸੀ ਜਿੱਥੋਂ ਪੌਲੁਸ ਆਪਣਾ ਕੰਮ ਸ਼ੁਰੂ ਕਰ ਸਕਦਾ ਸੀ, ਪਰ ਇਹਦਾ ਮਤਲਬ ਇਹ ਵੀ ਸੀ ਕਿ ਥੋੜ੍ਹਾ ਹੀ ਅੱਗੇ ਮੁਸ਼ਕਿਲ ਵੀ ਹੈ। (1) ਸ਼ੁਰੂ ਵਿਚ ਕਾਮਯਾਬੀ; (2) ਫਿਰ ਜ਼ਬਰਦਸਤ ਵਿਰੋਧ; (3) ਫਿਰ ਬਦਸਲੂਕੀ ਸਹਿਣਾ ਪੌਲੁਸ ਦੀ ਆਦਤ ਬਣ ਚੁੱਕੀ ਸੀ। ਦੂਜੇ ਸ਼ਹਿਰਾਂ ਵਿਚ ਉਹਨੂੰ ਮਾਰਿਆ ਗਿਆ ਸੀ, ਪਥਰਾਅ ਕੀਤਾ ਗਿਆ, ਕੈਦ ਵਿਚ ਸੁੱਟਿਆ ਗਿਆ ਸੀ ਅਤੇ ਸ਼ਹਿਰ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਤਾਕਤਵਰਾਂ ਤੇ ਵੀ ਵਿਰੋਧ ਹੋਣ ਤੇ ਉਸ ਦਾ ਅਸਰ ਪੈ ਹੀ ਜਾਂਦਾ ਹੈ।

## ਖ਼ੁਦਾ ਕੋਲ ਹੱਲ ਸਨ (18:2-11)

ਜਦ ਪੌਲੁਸ ''ਦੁਰਬਲਤਾਈ ਅਤੇ ਭੈਅ ਅਤੇ ਵੱਡੇ ਕਾਂਬੇ'' ਵਿਚ ਸੀ ਤਾਂ ਖ਼ੁਦਾ ਨੇ ਉਹਨੂੰ ਛੱਡਿਆ ਨਹੀਂ। ਪੌਲੁਸ ਨੇ ਕਿਹਾ ਕਿ ਪ੍ਰਭੂ ''ਸਰਬ ਦਿਲਾਸੇ ਦਾ ਪ੍ਰਮੇਸ਼ਵਰ ਹੈ। ... ਜੋ ਸਾਡੀਆਂ ਸਾਰੀਆਂ ਬਿਪਤਾਵਾਂ ਵਿਚ ਸਾਨੂੰ ਦਿਲਾਸਾ ਦਿੰਦਾ ਹੈ'' (2 ਕੁਰਿੰਥੀਆਂ 1:3, 4)। ਹੋਰ ਮੌਕਿਆਂ ਦੇ ਇਲਾਵਾ ਉਹਦੇ ਦਿਮਾਗ਼ ਵਿਚ ਇਹ ਵਿਚਾਰ ਵੀ ਹੋਵੇਗਾ ਕਿ ਕੁਰਿੰਥੁਸ ਵਿਚ ਰਹਿਣ ਦੌਰਾਨ ਖ਼ੁਦਾ ਨੇ ਉਹਨੂੰ ਕਿਵੇਂ ਤਸੱਲੀ ਦਿੱਤੀ ਸੀ। ਉਹਦੇ ਦਿਮਾਗ਼ ਵਿਚ ਇਹ ਵਿਚਾਰ ਵੀ ਹੋਵੇਗਾ ਕਿ ਕੁਰਿੰਥੁਸ ਵਿਚ ਆਉਣ ਤੇ ਖ਼ੁਦਾ ਨੇ ਉਹਨੂੰ ਕਿਵੇਂ ਹਿੰਮਤ ਦਿੱਤੀ ਸੀ। ਖ਼ੁਦਾ ਸਾਡੇ ਉੱਤੇ ਸਿਰਫ਼ ਸੂਰਜ ਹੀ ਨਹੀਂ ਚਮਕਾਉਂਦਾ ਸਗੋਂ ਜਦ ਅਸੀਂ ਇਕੱਲੇ ਅਤੇ ਨਿਰਾਸ਼ ਹੁੰਦੇ

ਹਾਂ ਅਤੇ ਸਾਡਾ ਮੋਹ ਭੰਗ ਹੋ ਜਾਂਦਾ ਹੈ ਤਦ ਵੀ ਖ਼ੁਦਾ ਸਾਨੂੰ ਨਹੀਂ ਛੱਡਦਾ ਭਾਵ ਉਹ ਸਾਡੇ ਨਾਲ ਰਹਿੰਦਾ ਹੈ।

ਖ਼ੁਦਾ ਨੇ ਪੌਲੁਸ ਲਈ ਕੀ ਕੀਤਾ? ਸਾਡੇ ਪਾਠ ਮੁਤਾਬਕ, ਖ਼ੁਦਾ ਨੇ ਆਪਣੇ ਇੰਤਜ਼ਾਮ ਨਾਲ ਉਹ ਸਭ ਕੁਝ ਕੀਤਾ ਜੋ ਪੌਲੁਸ ਦਾ ਡਰ ਕੱਢਣ ਲਈ ਲੋੜੀਂਦਾ ਸੀ।

**ਮਜ਼ਬੂਤ ਸਬੰਧ (ਆਇਤਾਂ 2, 3)**

ਪਹਿਲਾਂ ਖ਼ੁਦਾ ਨੇ ਪੌਲੁਸ ਨੂੰ ਪੱਕੇ ਸਬੰਧ ਦਿੱਤੇ। ਜਦ ਡਰ ਸਾਨੂੰ ਨਿਗਲਣ ਦੀ ਧਮਕੀ ਦੇਵੇ ਤਾਂ ਦੋਸਤੀ ਸਾਨੂੰ ਮਜ਼ਬੂਤ ਕਰ ਸਕਦੀ ਹੈ:

> ਅਰ ਉੱਥੇ ਅਕੂਲਾ[17] ਨਾਉਂ ਦਾ ਇਕ ਯਹੂਦੀ[18] ਉਹ ਨੂੰ ਮਿਲਿਆ ਜਿਹ ਦੀ ਜੰਮਣ ਭੂਮੀ ਪੁੰਤੁਸ[19] ਸੀ ਅਤੇ ਥੋੜੇ ਚਿਰ ਦਾ ਆਪਣੀ ਤੀਵੀਂ ਪ੍ਰਿਸਕਿੱਲਾ ਸਣੇ ਇਤਾਲੀਆ ਤੋਂ ਆਇਆ ਹੋਇਆ ਸੀ ਕਿਉਂ ਜੋ ਕਲੌਦਿਉਸ[20] ਨੇ ਹੁਕਮ ਦਿੱਤਾ ਸੀ ਕਿ ਸਾਰੇ ਯਹੂਦੀ ਰੋਮ ਤੋਂ ਨਿੱਕਲ ਜਾਣ, ਸੋ ਉਹ ਉਨ੍ਹਾਂ ਦੇ ਕੋਲ ਗਿਆ (ਆਇਤਾਂ 2, 3ੳ)।

ਦੁਨਿਆਵੀ ਲੇਖਕ 49 ਈਸਵੀ ਦੇ ਆਸ ਪਾਸ ਰੋਮ ਤੋਂ ਯਹੂਦੀਆਂ ਦੇ ਸਰਕਾਰੀ ਦੇਸ਼ ਨਿਕਾਲੇ ਬਾਰੇ ਦੱਸਦੇ ਹਨ।[21] ਕਈ ਵਿਦਵਾਨ ਇਸ ਤੱਥ ਨੂੰ ਸਿਉਤੋਨਿਅਸ ਦੀ ਗੱਲ ਨਾਲ ਜੋੜਦੇ ਹਨ ਕਿ ਕਲੌਦਿਉਸ ਨੇ ਯਹੂਦੀਆਂ ਨੂੰ ''ਖ੍ਰੇਸਟੁਸ ਦੇ ਭੜਕਾਉਣ ਨਾਲ ਬਾਰ ਬਾਰ ਹੋਣ ਵਾਲੇ ਦੰਗਿਆਂ ਵਿਚ ਸ਼ਾਮਲ'' ਹੋਣ ਕਰਕੇ ਕੱਢਿਆ।[22] ਇਹ ਸ਼ਾਇਦ ਯਹੂਦੀਆਂ ਅਤੇ ਮਸੀਹੀ ਲੋਕਾਂ ਦਰਮਿਆਨ ਮਸੀਹ ਦੇ ਪ੍ਰਚਾਰ ਦੇ ਫ਼ਸਾਦ ਦੀ ਗੱਲ ਹੈ।[23] ਰੋਮੀ ਲੋਕ ਮਸੀਹੀਅਤ ਨੂੰ ਯਹੂਦੀ ਧਰਮ ਦਾ ਇਕ ਰੂਪ ਮੰਨਦੇ ਸਨ, ਇਸ ਕਰਕੇ ਯਹੂਦੀਆਂ ਦੇ ਨਾਲ-ਨਾਲ ਮਸੀਹੀ ਲੋਕਾਂ ਨੂੰ ਵੀ ਕੱਢ ਦਿੱਤਾ ਗਿਆ ਹੋਵੇਗਾ।[24]

ਸਾਨੂੰ ਨਹੀਂ ਪਤਾ ਕਿ ਪੌਲੁਸ ਨਾਲ ਮਿਲਣ ਸਮੇਂ ਅਕੂਲਾ ਅਤੇ ਪ੍ਰਿਸਕਿੱਲਾ ਮਸੀਹੀ ਬਣ ਚੁੱਕੇ ਸਨ ਜਾਂ ਨਹੀਂ। ਪਰ ਉਨ੍ਹਾਂ ਨੂੰ ਮਸੀਹੀ ਮੰਨਣ ਅਤੇ ਨਾ ਮੰਨਣ ਵਾਲੇ ਦੋਵੇਂ ਹੀ ਆਪਣੇ ਵਿਚਾਰ ਦਾ ਅਧਾਰ ਲੂਕਾ ਦੀ ਖ਼ਮੋਸ਼ੀ ਨੂੰ ਬਣਾਉਂਦੇ ਹਨ। ''ਜੇ ਉਹ ਉਸ ਵੇਲੇ ਮਸੀਹੀ ਨਹੀਂ ਸਨ ਤਾਂ ਲੂਕਾ ਨੇ ਉਨ੍ਹਾਂ ਦੇ ਮਸੀਹੀ ਬਣਨ ਬਾਰੇ ਕਿਉਂ ਨਹੀਂ ਦੱਸਿਆ?''; ''ਜੇ ਉਹ ਪਹਿਲਾਂ ਤੋਂ ਮਸੀਹੀ ਸਨ ਤਾਂ ਲੂਕਾ ਨੇ ਅਕੂਲਾ ਨੂੰ ਯਹੂਦੀ ਕਹਿਣ ਦੀ ਬਜਾਏ ਮਸੀਹੀ ਕਿਉਂ ਨਹੀਂ ਕਿਹਾ?'' ਇਹ ਤੱਥ ਕਿ ਲੂਕਾ ਵੱਲੋਂ ਉਨ੍ਹਾਂ ਦਾ ਨਾਂਅ ਕੁਰਿੰਥੁਸ ਵਿਚ ਉਹਦੇ ਸ਼ੁਰੂਆਤੀ ਦਿਨਾਂ ਵਿਚ ਬਪਤਿਸਮਾ ਲੈਣ ਵਾਲਿਆਂ ਸ਼ਾਮਿਲ ਨਾ ਕਰਨਾ (1 ਕੁਰਿੰਥੀਆਂ 1:14-16) ਉਨ੍ਹਾਂ ਦੇ ਪੱਖ ਵਿਚ ਤਰਕ ਦਿੰਦਾ ਹੋ ਸਕਦਾ ਹੈ ਜੋ ਇਹ ਮੰਨਦੇ ਹਨ ਕਿ ਪੌਲੁਸ ਨਾਲ ਮਿਲਣ ਵੇਲੇ ਉਹ ਮਸੀਹੀ ਨਹੀਂ ਸਨ।[25] ਜੇ ਉਹ ਪੌਲੁਸ ਨਾਲ ਪਹਿਲੀ ਵਾਰ ਮਿਲਣ ਸਮੇਂ ਮਸੀਹੀ ਨਹੀਂ ਸਨ ਤਾਂ ਬੇਸ਼ੱਕ ਇਸ ਰਸੂਲ ਨਾਲ ਉਨ੍ਹਾ ਦਾ ਰੋਜ਼ ਮਿਲਣਾ ਉਨ੍ਹਾਂ ਨੂੰ ਯਕੀਨ ਦੁਆਉਣ ਲਈ ਕਾਫ਼ੀ ਸੀ ਕਿ ਯਿਸੂ ਹੀ ਮਸੀਹ ਹੈ।

ਵਚਨ ਵਿਚ ਲਿਖਿਆ ਹੈ ਕਿ ਅਕੂਲਾ ਪੌਲੁਸ ਨੂੰ ''ਮਿਲਿਆ''; ਸਾਨੂੰ ਨਹੀਂ ਪਤਾ ਕਿ ਇਹ ਮੁਲਾਕਾਤ ਕਿਵੇਂ ਹੋਈ। ਇਹ ਸੁਝਾਅ ਦਿੱਤਾ ਗਿਆ ਹੈ ਕਿ ਇੱਕੋ ਬਰਾਦਰੀ (ਸਮਾਜ)[26] ਦੇ ਲੋਕ ਸਿਨਾਗੋਗ ਵਿਚ ਇਕੱਠੇ ਬੈਠਦੇ ਸਨ ਅਤੇ ਪੌਲੁਸ ਨੂੰ ਅਕੂਲਾ ਉੱਥੇ ਹੀ ਮਿਲਿਆ ਸੀ।

ਸ਼ਾਇਦ ਪੌਲੁਸ ਨੇ ਖ਼ੁਦਾ ਦੇ ਇੰਤਜਾਮ ਨਾਲ ਅਕੂਲਾ ਅਤੇ ਪ੍ਰਿਸਕਿੱਲਾ ਦੀ ਦੁਕਾਨ ਤੇ ਕੁਝ ਕੰਮ ਕਰਨ ਲਈ ਪੁੱਛਿਆ। ਉਨ੍ਹਾਂ ਦੀ ਮੁਲਾਕਾਤ ਕਿਵੇਂ ਵੀ ਹੋਈ ਹੋਵੇ, ਪਰ ਉਹ ਉਮਰ ਭਰ ਲਈ ਦੋਸਤ ਬਣ ਗਏ ਸਨ। ਬਾਅਦ ਵਿਚ ਉਸ ਨੇ ਉਨ੍ਹਾਂ ਬਾਰੇ ਲਿਖਿਆ: ''ਪ੍ਰਿਸਕਾ[27] ਅਤੇ ਅਕੂਲਾ ਨੂੰ ਸੁੱਖ ਸਾਂਦ (ਸਲਾਮ) ਆਖਣਾ ਜਿਹੜੇ ਮਸੀਹ ਯਿਸੂ ਵਿਚ ਮੇਰੇ ਨਾਲ ਦੇ ਕੰਮ ਕਰਨ ਵਾਲੇ ਹਨ। ਜਿਨ੍ਹਾਂ ਮੇਰੀ ਜਾਨ ਦੇ ਬਦਲੇ ਆਪਣੀ ਹੀ ਧੌਣ ਡਾਹ ਦਿੱਤੀ ਅਤੇ ਨਿਰਾ ਮੈਂ ਹੀ ਨਹੀਂ ਸਗੋਂ ਪਰਾਈਆਂ ਕੌਮਾਂ ਦੀਆਂ ਸਾਰੀਆਂ ਕਲੀਸੀਆਵਾਂ ਉਨ੍ਹਾਂ ਦਾ ਧੰਨਵਾਦ ਕਰਦੀਆਂ ਹਨ'' (ਰੋਮੀਆਂ 16:3, 4)।[28]

**ਬੱਝੀ ਰੁਟੀਨ (ਆਇਤਾਂ 2-4)**

ਖ਼ੁਦਾ ਨੇ ਪੌਲੁਸ ਨੂੰ ਕਰਨ ਲਈ ਕੰਮ ਵੀ ਦਿੱਤਾ। ਨਿਰਾਸ਼ਾ ਵੇਲੇ ਆਪਣੇ ਆਪ ਨੂੰ ਰੁੱਝੇ ਰੱਖਣਾ ਜ਼ਰੂਰੀ ਹੈ। ਪੱਕੇ ਇਰਾਦੇ ਨਾਲ ਕੰਮ ਕਾਰ ਵਿਚ ਲੱਗੇ ਰਹਿਣਾ ਡਰ ਨੂੰ ਘੱਟ ਕਰ ਦਿੰਦਾ ਹੈ।

ਪਹਿਲਾਂ ਖ਼ੁਦਾ ਨੇ ਦਸਤਕਾਰੀ ਦੇ ਕੰਮ ਨਾਲ ਪੌਲੁਸ ਦੀ ਮਦਦ ਕੀਤੀ। ''ਸੋ ਉਹ [ਅਕੂਲਾ ਅਤੇ ਪ੍ਰਿਸਕਿੱਲਾ] ਦੇ ਕੋਲ ਗਿਆ। ਅਤੇ ਇਸ ਲਈ ਜੋ ਉਹ ਇੱਕੋ ਕਿਰਤ ਕਰਨ ਵਾਲੇ ਸਨ ਉਨ੍ਹਾਂ ਦੇ ਸੰਗ ਰਿਹਾ ਅਤੇ ਉਹ ਕੰਮ ਕਰਨ ਲੱਗੇ ਕਿਉਂ ਜੋ ਕਿਰਤ ਵਿਚ ਉਹ ਤੰਬੂ ਬਣਾਉਣ ਵਾਲੇ ਸਨ'' (ਆਇਤਾਂ 2ਅ, 3)। ਇੱਥੇ ਪਹਿਲੀ ਵਾਰ ਸਾਨੂੰ ਪੌਲੁਸ ਦੀ ਕਿਰਤ ਬਾਰੇ ਪੜ੍ਹਨ ਨੂੰ ਮਿਲਦਾ ਹੈ। ਪੌਲੁਸ ਦੀ ਪੜ੍ਹਾਈ ਭਾਵੇਂ ਇਕ ਰੱਬੀ ਬਣਨ ਲਈ ਹੋਈ ਸੀ, ਪਰ ਉਹਨੂੰ ਤੰਬੂ ਬਣਾਉਣ ਦੀ ਕਿਰਤ ਵੀ ਸਿਖਾਈ ਗਈ ਸੀ।[29] ਪੌਲੁਸ ਦਾ ਜੱਦੀ ਸ਼ਹਿਰ ਕਿਲਕੀਆ ਬੱਕਰੀ ਦੇ ਵਾਲਾਂ ਨਾਲ ਬਣਨ ਵਾਲੇ ਕੱਪੜੇ ਲਈ ਮਸ਼ਹੂਰ ਸੀ ਜਿਸ ਨਾਲ ਨਮੀ ਖਿੰਡ ਜਾਂਦੀ ਹੈ ਅਤੇ ਤੰਬੂ ਬਣਾਉਣ ਲਈ ਇਸ ਨੂੰ ਸਹੀ ਮੰਨਿਆ ਜਾਂਦਾ ਸੀ। ਸੋ ਕੁਦਰਤੀ ਸੀ ਕਿ ਉਸ ਨੂੰ ਤੰਬੂ ਬਣਾਉਣ ਦਾ ਕੰਮ ਸਿਖਾਇਆ ਜਾਂਦਾ।[30] ਧਿਆਨ ਰਹੇ ਕਿ ਯੂਨਾਨੀ ਸ਼ਬਦ ਦਾ ਅਨੁਵਾਦ ''ਤੰਬੂ ਬਣਾਉਣ ਵਾਲੇ'' ਤੋਂ ਭਾਵ ''ਚਮੜੇ ਦੇ ਕਾਰੀਗਰ'' ਵੀ ਹੈ। ਪੌਲੁਸ ਕੱਪੜੇ ਅਤੇ ਚਮੜੇ ਦੋਹਾਂ ਦਾ ਕਾਰੀਗਰ ਸੀ।

ਕੁਰਿੰਥੁਸ ਵਿਚ ਪਹਿਲੀ ਵਾਰ ਆਉਣ ਸਮੇਂ ਸਾਫ਼ ਹੈ ਕਿ ਹੱਥੀਂ ਕੰਮ ਕਰਨਾ ਪੌਲੁਸ ਦੀ ਮਾਲੀ ਜ਼ਰੂਰਤ ਸੀ। ਪਰ ਆਪਣੀ ਮਾਲੀ ਹਾਲਤ ਸੁਧਰਣ ਦੇ ਬਾਅਦ ਵੀ ਇਸ ਇਲਜ਼ਾਮ ਤੋਂ ਬਚਣ ਲਈ ਕਿ ਉਹ ''ਕਮਾਈ ਲਈ ਪ੍ਰਚਾਰ ਕਰਦਾ ਸੀ'' (1 ਕੁਰਿੰਥੀਆਂ 9:11, 12), ਉਹਨੇ ਆਪਣੇ ਹੱਥੀ ਕੰਮ ਕਰਨਾ ਜਾਰੀ ਰੱਖਿਆ (1 ਕੁਰਿੰਥੀਆਂ 4:12)।[31]

ਪੌਲੁਸ ਨੇ ਅਕੂਲਾ ਅਤੇ ਪ੍ਰਿਸਕਿੱਲਾ ਨਾਲ ਨਾ ਸਿਰਫ਼ ਕੰਮ ਕੀਤਾ ਸਗੋਂ ਉਹ ਉਨ੍ਹਾਂ ਦੇ ਘਰ ਵੀ ਰਿਹਾ। ਸ਼ਾਇਦ ਉਨ੍ਹਾਂ ਦੀ ਇਕ ਦੁਕਾਨ ਸੀ ਜਿਹਦੇ ਪਿੱਛੇ ਰਹਿਣ ਲਈ ਜਗ੍ਹਾ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦਾ ਘਰ ਕੁਰਿੰਥੁਸ ਵਿਚ ਕਲੀਸੀਆ ਦੇ ਇਕੱਠੇ ਹੋਣ ਦੀ ਥਾਂ ਬਣ ਗਿਆ ਹੋਵੇ।[32]

ਖ਼ੁਦਾ ਨੇ ਪੌਲੁਸ ਨੂੰ ਆਪਣੇ ਹੱਥੀਂ ਕੰਮ ਦੇ ਇਲਾਵਾ, ਉਸ ਤੋਂ ਵੀ ਅਹਿਮ ਕੰਮ ਭਾਵ ਇੰਜੀਲ ਸੁਣਾਉਣ ਦੀ ਸੇਵਕਾਈ ਨੂੰ ਪੂਰਾ ਕਰਨ ਦਾ ਮੌਕਾ ਦਿੱਤਾ। ਕੁਰਿੰਥੁਸ ਵਰਗੇ ਵੱਡੇ ਵਪਾਰਕ ਸ਼ਹਿਰ ਵਿਚ ਜ਼ਰੂਰ ਹੀ ਕਾਫ਼ੀ ਅਬਾਦੀ ਵਿਚ ਯਹੂਦੀ ਹੋਣਗੇ, ਜਿਸ ਕਰਕੇ ਪੌਲੁਸ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ ਸਿਨਾਗੋਗ ਮਿਲ ਗਿਆ ਹੋਵੇਗਾ। ਇਸ ਕਰਕੇ ਲਿਖਿਆ ਹੈ ਕਿ

''ਉਹ ਹਰ ਸੱਬਤ ਨੂੰ ਸਮਾਜ ਵਿਚ [ਲਿਖਤਾਂ ਵਿੱਚੋਂ; 17:2] ਗਿਆਨ ਗੋਸ਼ਟੀ ਕਰਦਾ ਅਤੇ ਯਹੂਦੀਆਂ ਅਤੇ ਯੂਨਾਨੀਆਂ ਨੂੰ ਮਨਾਉਂਦਾ ਸੀ'' (18:4)। ਇਹ ''ਯੂਨਾਨੀ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ'' ਹੋਣਗੇ ਜੋ ਸ਼ਹਿਰ ਦੀ ਬਦਕਾਰੀ ਤੋਂ ਦੁਖੀ ਸਨ ਅਤੇ ਕਿਸੇ ਭਲਾਈ ਦੀ ਖੋਜ ਵਿਚ ਸਨ। ਸਿਨਾਗੋਗ ਵਿਚ ਪੌਲੁਸ ਦੇ ਪ੍ਰਚਾਰ ਦੀ ਪਹਿਲੀ ਗੱਲ ਇਹੀ ਹੋਵੇਗੀ ਕਿ ''[ਲਿਖਤਾਂ ਵਿੱਚੋਂ] ਅਰਥ ਖੋਲ੍ਹ ਕੇ ਉਹਨੇ ਬਿਆਨ ਕੀਤਾ ਭਈ ਮਸੀਹ ਦਾ ਦੁੱਖ ਭੋਗਣਾ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ ਜ਼ਰੂਰੀ ਸੀ'' (17:3)।

ਕੁਰਿੰਥੁਸ ਦੇ ਖੰਡਰਾਂ ਵਿੱਚੋਂ ਇਕ ਪੁਰਾਣੇ ਸਿਨਾਗੋਗ ਦੇ ਪੱਥਰ ਦੀ ਸਰਦਲ ਮਿਲੀ ਹੈ, ਇਹ ਸ਼ਾਇਦ ਉਸੇ ਸਿਨਾਗੋਗ ਦੀ ਹੈ ਜਿਸ ਵਿਚ ਪੌਲੁਸ ਨੇ ਵਚਨ ਸੁਣਾਇਆ ਸੀ।[33]

**ਜੋਸ਼ ਭਰਿਆ ਦੁਬਾਰਾ ਮਿਲਨ (ਆਇਤਾਂ 5-8)**

ਪੌਲੁਸ ਨੂੰ ਜਿਸਮਾਨੀ ਅਤੇ ਰੂਹਾਨੀ ਕੰਮ ਕਰਨ ਦੇ ਬਾਅਦ, ਉਹਦੇ ਦੋ ਸਾਥੀਆਂ ਦੇ ਆਉਣ ਨਾਲ ਹੋਰ ਦਿਲੇਰੀ ਮਿਲੀ। ਦੋ ਨਵੇਂ ਦੋਸਤਾਂ ਨਾਲੋਂ ਜੇ ਕੁਝ ਚੰਗਾ ਹੈ, ਤਾਂ ਉਹ ਦੋ ਪੁਰਾਣੇ ਦੋਸਤ ਹਨ। ਲਿਖਿਆ ਹੈ ਕਿ ''ਸੀਲਾਸ ਅਤੇ ਤਿਮੋਥਿਉਸ ਮਕਦੂਨੀਆ ਤੋਂ ਆਏ'' (ਆਇਤ 5ੳ)। ਅਥੇਨੇ ਵਿਚ ਇਕੱਲਾ ਰਹਿਣ ਤੇ ਪੌਲੁਸ ਨੇ ਮਕਦੂਨੀਆ ਵਿਚ ''ਸੀਲਾਸ ਅਤੇ ਤਿਮੋਥਿਉਸ'' ਨੂੰ ਖ਼ਬਰ ਕੀਤੀ ਸੀ ਕਿ ਜਿੰਨੀ ਛੇਤੀ ਹੋ ਸਕੇ ਉਹਦੇ ਕੋਲ ਆਉਣ (17:15)। 1 ਥੱਸਲੁਨੀਕੀਆਂ 3:1-5 ਤੋਂ ਪਤਾ ਲਗਦਾ ਹੈ ਕਿ ਤਿਮੋਥਿਉਸ ਪੌਲੁਸ ਨਾਲ ਅਥੇਨੇ ਵਿਚ ਮਿਲ ਗਿਆ ਸੀ, ਪਰ ਪੌਲੁਸ ਨੇ ਉਹਨੂੰ ਝੱਟ ਥੱਸਲੁਨੀਕੇ ਵਿਚ ਉਥੋਂ ਦੇ ਮਸੀਹੀ ਲੋਕਾਂ ਨੂੰ ਮਜ਼ਬੂਤ ਕਰਨ ਅਤੇ ਹੱਲਾਸ਼ੇਰੀ ਦੇਣ ਲਈ ਵਾਪਸ ਭੇਜ ਦਿੱਤਾ ਸੀ।[34] ਸ਼ਾਇਦ ਸੀਲਾਸ ਵੀ ਥੋੜ੍ਹੀ ਦੇਰ ਲਈ ਪੌਲੁਸ ਨੂੰ ਅਥੇਨੇ ਵਿਚ ਫੇਰ ਮਿਲਿਆ ਸੀ ਅਤੇ ਉਹਨੂੰ ਵਾਪਸ ਫ਼ਿਲਿੱਪੈ ਵਿਚ ਭੇਜ ਦਿੱਤਾ ਗਿਆ।[35]

ਸੀਲਾਸ ਅਤੇ ਤਿਮੋਥਿਉਸ ਦੇ ਕੁਰਿੰਥੁਸ ਵਿਚ ਆਉਣ ਨਾਲ ਪੌਲੁਸ ਨੂੰ ਕਈ ਤਰ੍ਹਾਂ ਨਾਲ ਫੇਰ ਤੋਂ ਤਾਕਤ ਮਿਲੀ। ਉਨ੍ਹਾਂ ਦੀ ਮੌਜੂਦਗੀ ਹੀ ਉਹਨੂੰ ਦਲੇਰ ਕਰਨ ਵਾਲੀ ਸੀ। ਮੈਂ ਪੌਲੁਸ, ਸੀਲਾਸ ਅਤੇ ਤਿਮੋਥਿਉਸ ਨੂੰ ਪ੍ਰਿਸਕਿੱਲਾ ਦੇ ਘਰ ਖਾਣੇ ਦੀ ਮੇਜ਼ ਤੇ ਤਾਜ਼ਾ ਹਾਲਾਤ ਦੀ ਜਾਣਕਾਰੀ ਇਕ ਦੂਜੇ ਨੂੰ ਦਿੰਦੇ, ਹੱਸਦੇ ਅਤੇ ਖੁਸ਼ ਹੁੰਦੇ ਵੇਖ ਸਕਦਾ ਸਾਂ। ਇਹਦੇ ਇਲਾਵਾ ਤਿਮੋਥਿਉਸ ਥੱਸਲੁਨੀਕੇ ਦੀ ਕਲੀਸੀਆ ਤੋਂ ਚੰਗੀ ਖ਼ਬਰ ਲੈ ਕੇ ਆਇਆ ਸੀ। ਪੌਲੁਸ ਨੇ ਥੱਸਲੁਨੀਕੀਆਂ ਨੂੰ ਲਿਖਿਆ, ''ਪਰ ਹੁਣ ਜਾਂ ਤੁਹਾਡੀ ਵੱਲੋਂ ਤਿਮੋਥਿਉਸ ਸਾਡੇ ਕੋਲ ਆਇਆ ਅਤੇ ਤੁਹਾਡੀ ਨਿਹਚਾ ਅਤੇ ਪ੍ਰੇਮ ਦੀ ਖੁਸ਼ ਖਬਰੀ ਲਿਆਇਆ, ... ਸਾਨੂੰ ਆਪਣੇ ਸਾਰੇ ਕਸ਼ਟ ਅਤੇ ਬਿਪਤਾ ਵਿਚ ਤੁਹਾਡੇ ਵਿਖੇ ਤੁਹਾਡੀ ਨਿਹਚਾ ਦੇ ਕਾਰਨ ਤਸੱਲੀ ਹੋ ਗਈ'' (1 ਥੱਸਲੁਨੀਕੀਆਂ 3:6, 7)। ਸੀਲਾਸ ਅਤੇ ਤਿਮੋਥਿਉਸ ਫ਼ਿਲਿੱਪੈ ਦੇ ਮਸੀਹੀ ਲੋਕਾਂ ਵੱਲੋਂ ਕੁਝ ਹਦੀਆ ਵੀ ਲੈ ਕੇ ਆਏ ਸਨ।[36] ਪੌਲੁਸ ਨੇ ਬਾਅਦ ਵਿਚ ਕੁਰਿੰਥੀਆਂ ਨੂੰ ਲਿਖਿਆ ਕਿ ''ਭਰਾਵਾਂ ਨੇ[37] ਮਕਦੂਨੀਆ ਤੋਂ ਆ ਕੇ ਮੇਰੀ ਲੋੜ ਪੂਰੀ ਕੀਤੀ'' (2 ਕੁਰਿੰਥੀਆਂ 11:9)। ਇਸ ਦਾਨ ਨਾਲ ਪੌਲੁਸ ਲਈ ਆਪਣੇ ਪਹਿਲੇ ਪਿਆਰ ਭਾਵ ਇੰਜੀਲ ਦੇ ਪ੍ਰਚਾਰ ਲਈ ਪੂਰਾ ਵਕਤ ਦੇਣਾ ਮੁਮਕਿਨ ਹੋ ਗਿਆ। ''ਜਦ ਸੀਲਾਸ ਅਤੇ ਤਿਮੋਥਿਉਸ ਮਕਦੂਨੀਆ ਤੋਂ ਆਏ ਤਦ ਪੌਲੁਸ ਵਚਨ ਸੁਣਾਉਣ ਵਿਚ ਰੁੱਝ'' ਗਿਆ[38] (ਆਇਤ 5ੳ)।

ਸਾਫ਼ ਹੈ ਕਿ ਸੀਲਾਸ ਅਤੇ ਤਿਮੋਥਿਉਸ ਦੇ ਆਉਣ ਨਾਲ ਪੌਲੁਸ ਸਿਨਾਗੋਗ ਵਿਚ ਹੋਰ

ਦਿਲੇਰੀ ਨਾਲ ਵਚਨ ਸੁਣਾਉਣ ਲਈ ਉਤਸ਼ਾਹਿਤ ਹੋਇਆ। ਪਹਿਲਾਂ ਉਹਨੇ ਜ਼ੋਰ ਦਿੱਤਾ ਸੀ ਕਿ ਲਿਖਤ ਮੁਤਾਬਕ ਮਸੀਹ ਦਾ ਦੁੱਖ ਝੱਲਣਾ, ਮਾਰਿਆ ਜਾਣਾ ਅਤੇ ਜੀ ਉੱਠਣਾ ਜ਼ਰੂਰੀ ਸੀ। ਹੁਣ ਇਸੇ ਗੱਲ ਤੋਂ ਉਹ ਨਿਚੋੜ ਵੱਲ ਆਉਣ ਲੱਗਾ, ''ਯਹੂਦੀਆਂ ਦੇ ਅੱਗੇ ਸਾਖੀ ਦੇ ਰਿਹਾ ਸੀ ਜੋ ਯਿਸੂ ਓਹੋ ਮਸੀਹ ਹੈ'' (ਆਇਤ 5ਅ)।[39]

ਪੌਲੁਸ ਦੇ ਇਸ ਐਲਾਨ ਨਾਲ ਕਿ ਯਿਸੂ ਹੀ ਮਸੀਹ ਹੈ, ਯਹੂਦੀ ਉਹਦੇ ਦੁਸ਼ਮਣ ਬਣ ਗਏ। ''ਉਹ [ਉਹਦਾ] ਸਾਹਮਣਾ ਕਰਨ ਅਤੇ [ਯਿਸੂ ਦੇ ਖਿਲਾਫ਼] ਕੁਫ਼ਰ ਬਕਣ ਲੱਗੇ'' (ਆਇਤ 6ੳ)। ਉਨ੍ਹਾਂ ਦੇ ਅਜਿਹਾ ਕਰਨ ਤੇ ਪੌਲੁਸ ਨੇ ''ਆਪਣੇ ਲੀੜੇ ਝਾੜ ਕੇ ਉਨ੍ਹਾਂ ਨੂੰ ਆਖਿਆ, ਤੁਹਾਡਾ ਖ਼ੂਨ ਤੁਹਾਡੇ ਸਿਰ! ਮੈਂ ਬੇਦੋਸ਼ ਹਾਂ! ਏਦੋਂ ਅੱਗੇ ਮੈਂ ਪਰਾਈਆਂ ਕੌਮਾਂ ਵੱਲ ਜਾਵਾਂਗਾ''[40] (ਆਇਤ 6ਅ)। ਪੌਲੁਸ ਦੇ ਕੰਮ ਅਤੇ ਗੱਲਾਂ ਦਾ ਅਧਾਰ ਪੁਰਾਣੇ ਨੇਮ ਦੇ ਸੰਕੇਤਾਂ ਨਾਲ ਜੁੜਿਆ ਹੋਇਆ ਸੀ। ਪਹਿਲਾਂ ਪੌਲੁਸ ਅਤੇ ਬਰਨਬਾਸ ਨੇ ਪਿਸਿਦੀਆ ਦੇ ਅੰਤਾਕੀਆ ਵਿਚ ਯਹੂਦੀਆਂ ਦੇ ਖਿਲਾਫ਼ ਗਵਾਹੀ ਦੇਣ ਲਈ ਆਪਣੇ ਪੈਰਾਂ ਦੀ ਧੂੜ ਝਾੜ ਦਿੱਤੀ ਸੀ (13:50, 51) ਭਾਵ ਪੌਲੁਸ ਵੱਲੋਂ ਆਪਣੇ ਕੱਪੜੇ ਝਾੜਨ ਤੋਂ ਉਹੀ ਮੂਲ ਸੰਦੇਸ਼ ਦਿੱਤਾ ਗਿਆ ਕਿ ''ਤੁਸੀਂ ਖ਼ੁਦਾ ਨੂੰ ਨਕਾਰਿਆ ਹੈ; ਇਸ ਕਰਕੇ ਤੁਹਾਡੇ ਨਾਲ ਮੇਰਾ ਕੋਈ ਰਿਸ਼ਤਾ ਨਹੀਂ ਰਿਹਾ!''[41]

ਪੌਲੁਸ ਦੀ ਇਹ ਗੱਲ ਕਿ ਉਨ੍ਹਾਂ ਦਾ ਲਹੂ ਉਨ੍ਹਾਂ ਦੀਆਂ ਧੌਣਾ ਤੇ ਰਹੇ ਅਤੇ ਇਹ ਕਿ ਉਹ ''ਬੇ ਦੋਸ਼ਾ'' ਸੀ, ਸਿੱਧੀ ਹਿਜ਼ਕੀਏਲ 3 ਅਤੇ 33 ਅਧਿਆਵਾਂ ਤੋਂ ਲਈ ਗਈ ਸੀ। ਜੇ ਖ਼ੁਦਾ ਦਾ ਦਾਸ ਬੁਰੇ ਮਨੁੱਖ ਨੂੰ ਚਿਤਾਵਨੀ ਦੇਣ ਵਿਚ ਨਾਕਾਮ ਰਹੇ, ਤਾਂ ਉਹ ਆਦਮੀ ਤਾਂ ਆਪਣੇ ਪਾਪ ਵਿਚ ਮਰੇਗਾ ਹੀ, ਪਰ ਉਹਦੇ ਲਹੂ ਦਾ ਹਿਸਾਬ ਉਸ ਦਾਸ ਤੋਂ ਵੀ ਮੰਗਿਆ ਜਾਵੇਗਾ ਜੋ ਉਹਨੂੰ ਖ਼ਬਰਦਾਰ ਕਰਨ ਵਿਚ ਨਾਕਾਮ ਰਿਹਾ (ਹਿਜ਼ਕੀਏਲ 3:18; 33:8)। ਦੂਜੇ ਪਾਸੇ ਜੇ ਖ਼ੁਦਾ ਦਾ ਦੂਤ ਬੁਰੇ ਆਦਮੀ ਨੂੰ ਖ਼ਬਰਦਾਰ ਕਰ ਦੇਵੇ, ਤਾਂ ਦੂਤ ਨੇ ਆਪਣੀ ਜਾਨ ਬਚਾ ਲਈ, ਬੁਰਾ ਬੰਦਾ ਆਪਣਾ ਰਾਹ ਬਦਲੇ ਭਾਵੇਂ ਨਾ (ਹਿਜ਼ਕੀਏਲ 3:19; 33:9)। ਚਿਤਾਵਨੀ ਸੁਣ ਕੇ ਅਣਗੌਲਿਆਂ ਕਰਨ ਵਾਲੇ ''ਦਾ ਖ਼ੂਨ ਉਹਦੇ ਆਪਣੇ ਸਿਰ ਤੇ ਹੋਵੇਗਾ'' (ਹਿਜ਼ਕੀਏਲ 33:4; ਯਹੋਸ਼ੁਆ 2:19 ਵੀ ਵੇਖੋ)।

ਫਿਰ ਪੌਲੁਸ ਸਿਨਾਗੋਗ ਤੋਂ ਚਲਿਆ ਗਿਆ; ਪਰ ਉਹ ਬਹੁਤਾ ਦੂਰ ਨਹੀਂ ਗਿਆ ਸੀ, ਕਿਉਂਕਿ ਖ਼ੁਦਾ ਦਾ ਖ਼ੌਫ਼ ਮੰਨਣ ਵਾਲੇ ਇਕ ਬੰਦੇ ਨੇ[42] ਸੇਵਾ ਲਈ ਵਰਤੇ ਜਾਣ ਵਾਸਤੇ ਆਪਣਾ ਘਰ ਦੇ ਦਿੱਤਾ, ਜੋ ਕਿ ਨਾਲ ਦਾ ਹੀ ਦਰਵਾਜ਼ਾ ਸੀ। ਅਸੀਂ ਪੜ੍ਹਦੇ ਹਾਂ ਕਿ ''[ਪੌਲੁਸ] ਉੱਥੋਂ ਤੁਰ ਕੇ ਤੀਤੁਸ ਯੂਸਤੁਸ[43] ਨਾਮੇ ਪ੍ਰਮੇਸ਼ਵਰ ਦੇ ਇਕ ਭਗਤ ਦੇ ਘਰ ਗਿਆ ਜਿਹ ਦਾ ਘਰ ਸਮਾਜ ਮੰਦਰ ਦੇ ਨਾਲ ਲੱਗਦਾ ਸੀ'' (ਆਇਤ 7)।[44] ਕਈਆਂ ਦਾ ਖ਼ਿਆਲ ਹੈ ਕਿ ਇਹ ਤੀਤੁਸ ਯੂਸਤੁਸ,ਗਾਯੁਸ[45] ਹੀ ਸੀ ਜਿਸ ਨੂੰ ਪੌਲੁਸ ਨੇ ਆਪਣੇ ਹੱਥੀਂ ਬਪਤਿਸਮਾ ਦਿੱਤਾ ਸੀ (1 ਕੁਰਿੰਥੀਆਂ 1:14), ਬਾਅਦ ਵਿਚ ਉਹਨੇ ਕੁਰਿੰਥੁਸ ਵਿਚ ਪੌਲੁਸ ਦੀ ਖ਼ਾਤਰਦਾਰੀ ਕੀਤੀ ਸੀ (ਰੋਮੀਆਂ 16:23)।

ਯਹੂਦੀ ਸਿਨਾਗੋਗ ਦੇ ਗੁਆਂਢ ਵਿਚ ਮਸੀਹੀ ਬੰਦਗੀ ਦੇ ਇੰਤਜ਼ਾਮ ਵਿਚ ਖ਼ੁਦਾ ਦੀ ਯੋਜਨਾ ਦਾ ਹੋਣਾ ਕਿੰਨਾ ਔਖਾ ਲਗਦਾ ਹੈ। ਪੌਲੁਸ ਨੂੰ ਸੁਣਨ ਵਿਚ ਦਿਲਚਸਪੀ ਰੱਖਣ ਵਾਲਿਆਂ ਨੇ ਸੱਬਤ ਦੀ ਆਪਣੀ ਰੁਟੀਨ ਬਦਲੀ ਨਹੀਂ; ਸਿਨਾਗੋਗ ਵਿਚ ਜਾਣ ਦੀ ਬਜਾਏ ਉਹ ਨਾਲ ਦੇ ਘਰ ਚਲੇ ਗਏ। ਨਾਲ ਦੇ ਘਰ ਦੇ ਬਾਹਰ ਖੜੇ ਸਭ ਰੱਥਾਂ ਨੂੰ ਅਤੇ ਤੀਤੁਸ ਦੇ

ਘਰ ਯਿਸੂ ਦੀ ਵਡਿਆਈ ਕਰਦੇ ਮਸੀਹੀ ਲੋਕਾਂ ਨੂੰ ਵੇਖ ਕੇ ਯਹੂਦੀ ਸੜ ਗਏ, ਕਿਉਂਕਿ ਉਨ੍ਹਾਂ ਨੂੰ ਤੁਰੇਤ ਪੜ੍ਹਨ ਵਿਚ ਮੁਸ਼ਕਲ ਆ ਰਹੀ ਹੋਵੇਗੀ!

**ਖੁਸ਼ੀ ਦੇਣ ਵਾਲੇ ਨਤੀਜੇ**

ਅਥੇਨੇ ਵਿਚ ਬਹੁਤ ਘੱਟ ਲੋਕਾਂ ਨੇ ਇੰਜੀਲ ਨੂੰ ਕਬੂਲ ਕੀਤਾ ਸੀ, ਪਰ ਕੁਰਿੰਥੁਸ ਵਿਚ ਨਤੀਜੇ ਸ਼ਾਨਦਾਰ ਮਿਲੇ ਸਨ। (ਭਲਾ ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਕੰਮ ਕਰਨ ਦੀ ਸੰਭਾਵਨਾ ਬੁੱਧੀਜੀਵੀ ਲੋਕਾਂ ਦੀ ਬਜਾਏ ਬਦਕਾਰ ਲੋਕਾਂ ਵਿਚ ਬਹੁਤੀ ਹੈ?) ਬਾਅਦ ਵਿਚ ਪ੍ਰਭੂ ਨੇ ਕਿਹਾ ਸੀ ਕਿ ਕੁਰਿੰਥੁਸ ਵਿਚ ਉਹਦੇ ''ਬਹੁਤ ਸਾਰੇ ਲੋਕ'' ਸਨ (18:10) ਜਿਨ੍ਹਾਂ ਨੇ ਪੌਲੁਸ ਵੱਲੋਂ ਉਨ੍ਹਾਂ ਨੂੰ ਸਿਖਾਉਣ ਤੇ ਇੰਜੀਲ ਨੂੰ ਕਬੂਲ ਕਰਨਾ ਸੀ। ਆਇਤ 8 ਫ਼ਸਲ ਦੀ ਵਾਢੀ ਦੀ ਸ਼ੁਰੂਆਤ ਬਾਰੇ ਦੱਸਦੀ ਹੈ। ਪਹਿਲੀ ਮਨਬਦਲੀ ਦਾ ਜ਼ਿਕਰ ਹੈਰਾਨੀਜਨਕ ਹੈ: ''ਅਤੇ ਸਮਾਜ ਦੇ ਸਰਦਾਰ ਕਰਿਸਪੁਸ[46] ਨੇ ਆਪਣੇ ਸਾਰੇ ਘਰਾਣੇ ਸਣੇ ਪ੍ਰਭੂ ਦੀ ਪ੍ਰਤੀਤ ਕੀਤੀ''[47] (ਆਇਤ 8ੳ)। ਮੈਂ ਕਲਪਨਾ ਨਹੀਂ ਕਰ ਸਕਦਾ ਕਿ ਕ੍ਰਿਸਪੁਸ ਨੂੰ ਮਸੀਹੀ ਬਣਨ ਦੀ ਕਿੰਨੀ ਕੀਮਤ ਚੁਕਾਉਣੀ ਪਈ ਹੋਵੇਗੀ, ਪਰ ਤੁਹਾਡੇ ਵਿੱਚੋਂ ਕਈ ਲੋਕ ਅੰਦਾਜ਼ਾ ਲਾ ਸਕਦੇ ਹਨ ਕਿਉਂਕਿ ਤੁਸੀਂ ਵੀ ਅਜਿਹੀ ਹੀ ਇਨਕਲਾਬੀ ਰੂਹਾਨੀ ਤਬਦੀਲੀ ਲਿਆਂਦੀ ਹੈ! ਜੇ ਨਾਲ ਦੇ ਘਰ ਵਿਚ ਪੌਲੁਸ ਦੇ ਜਾਣ ਨਾਲ ਯਹੂਦੀ ਪਰੇਸ਼ਾਨ ਹੋ ਗਏ ਸਨ ਤਾਂ ਸਿਨਾਗੋਗ ਵਿਚ ਪ੍ਰਮੁੱਖ ਬੰਦੇ ਦੇ ਇਮਾਨ ਤੋਂ ਡਿੱਗਣ ਨਾਲ ਤਾਂ ਲਾਜ਼ਮੀ ਉਹ ਦਾ ਸੜ ਕੇ ਸੁਆਹ ਹੀ ਹੋ ਗਏ।[48]

ਅਖ਼ੀਰ ਵਿਚ ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਮਸੀਹੀ ਬਣਨ ਲਈ ਉਹਨੇ ਜੋ ਕੁਝ ਕੀਤਾ, ਉਹਦੇ ਲਈ ''ਪ੍ਰਭੂ ਦੀ ਪ੍ਰਤੀਤ ਕੀਤੀ'' ਵਾਕਾਂਸ਼ ਵਿਚ ਸਭ ਕੁਝ ਕਹਿ ਦਿੱਤਾ ਗਿਆ। 1 ਕੁਰਿੰਥੀਆਂ 1:14 ਵਿਚ ਪੌਲੁਸ ਨੇ ਕਿਹਾ ਕਿ ਕਰਿਸਪੁਸ ਦਾ ਬਪਤਿਸਮਾ ਹੋਇਆ ਸੀ (ਅਸਲ 'ਚ ਉਹਨੇ ਆਪ ਕ੍ਰਿਸਪੁਸ ਨੂੰ ਬਪਤਿਸਮਾ ਦਿੱਤਾ ਸੀ)।

ਕ੍ਰਿਸਪੁਸ ਦੀ ਮਨਬਦਲੀ ਬਾਰੇ ਦੱਸਣ ਦੇ ਬਾਅਦ ਲੂਕਾ ਨੇ ਕੁਰਿੰਥੁਸ ਵਿਚ ਪੌਲੁਸ ਦੇ ਪ੍ਰਚਾਰ ਨਾਲ ਇੰਜੀਲ ਨੂੰ ਕਬੂਲ ਕਰਨ ਵਾਲਿਆਂ ਬਾਰੇ ਇਕ ਸਪਸ਼ਟ ਵਾਕ ਦਿੱਤਾ: ''ਅਤੇ ਕੁਰਿੰਥੀਆਂ ਵਿੱਚੋਂ ਬਥੇਰੇ ਲੋਕਾਂ ਨੇ ਸੁਣ ਕੇ[49] ਨਿਹਚਾ ਕੀਤੀ ਅਤੇ ਬਪਤਿਸਮਾ ਲਿਆ'' (ਆਇਤ 8ਅ)। ਕੁਰਿੰਥੀਆਂ ਦੀ ਮੁਕਤੀ ਬਿਲਕੁਲ ਉਵੇਂ ਹੀ ਹੋਈ ਸੀ ਜਿਵੇਂ ਰਸੂਲਾਂ ਦੇ ਕੰਮ ਕਿਤਾਬ ਵਿਚ ਹੋਰ ਸਭ ਲੋਕਾਂ ਦੀ। ਇਹ ਵੀ ਸੰਭਵ ਹੈ ਕਿ ਵਿਸ਼ਵਾਸ ਕਰਕੇ ਬਪਤਿਸਮਾ ਲੈਣ ਵਾਲੇ ''ਬਹੁਤ ਸਾਰੇ'' ਲੋਕਾਂ ਵਿਚ ਸਤਫ਼ਨਾਸ ਅਤੇ ਉਹਦਾ ਘਰਾਣਾ ਵੀ ਸੀ ਜਿਨ੍ਹਾਂ ਨੂੰ ਬਾਅਦ ਵਿਚ ਪੌਲੁਸ ਨੇ ''ਅਖਾਇਆ ਦਾ ਪਹਿਲਾ ਫ਼ਲ'' ਆਖਿਆ (1 ਕੁਰਿੰਥੀਆਂ 16:15; 1 ਕੁਰਿੰਥੀਆਂ 1:16 ਵੀ ਵੇਖੋ)।[50]

**ਦਿਲੇਰ ਕਰਨ ਵਾਲਾ ਭਰੋਸਾ (ਆਇਤਾਂ 9-11)**

ਮੈਂ ਇਕ ਵਾਰ ਫੇਰ ਆਖਦਾ ਹਾਂ ਕਿ ਕੁਰਿੰਥੁਸ ਵਿਚ ਪੌਲੁਸ ਦੇ ਸ਼ੁਰੂਆਤੀ ਕੰਮ ਵਿਚ ਲਗਾਤਾਰ ਕਾਮਯਾਬੀ ਤੇ ਕਾਮਯਾਬੀ ਮਿਲਦੀ ਨਜ਼ਰ ਆ ਰਹੀ ਹੈ। ਪਰ 9 ਅਤੇ 10 ਆਇਤਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਪੌਲੁਸ ਅਜੇ ਵੀ ਜੱਦੋ-ਜਹਿਦ ਕਰ ਰਿਹਾ ਸੀ। ਫਿਰ ਹੋਰ ਵੀ ਬਹੁਤ ਸਾਰੀਆਂ ਗੱਲਾਂ ਹੋ ਸਕਦੀਆਂ ਹਨ। ਹੋ ਸਕਦਾ ਹੈ ਕਿ ਪੌਲੁਸ ਨੂੰ ਇਹ ਡਰ ਹੋਵੇ ਕਿ ਮਸੀਹੀ ਬਣਨ ਵਾਲੇ ਲੋਕਾਂ ਨੂੰ ਕੁਰਿੰਥੁਸ ਦੇ ਦਿਲ-ਖਿੱਚਵੇਂ ਲੋਕ ਆਪਣੇ ਵੱਲ ਫਿਰ ਨਾ ਖਿੱਚ

ਲੈਣ। ਬਪਤਿਸਮਾ ਲੈਣ ਵਾਲੇ ਪ੍ਰਭਾਵਸ਼ਾਲੀ ਲੋਕਾਂ ਦੇ ਹੰਕਾਰ ਨੂੰ ਖ਼ਤਮ ਕਰਨਾ ਸੱਚਮੁੱਚ ਪਸੀਨੇ ਕਢਾ ਦੇਣ ਵਾਲਾ ਕੰਮ ਸੀ। ਸ਼ਾਇਦ ਉਹ ਭਾਵੁਕ ਤੌਰ ਤੇ ਕੁਰਿੰਥੁਸ ਵਿਚ ਆਉਣ ਤੋਂ ਪਹਿਲਾਂ ਹੀ ਐਨਾ ਥੱਕ ਚੁੱਕਾ ਸੀ ਕਿ ਉਹਨੂੰ ਫਿਰ ਤੋਂ ਤਾਜ਼ਗੀ ਪਾਉਣ ਵਿਚ ਕਾਫ਼ੀ ਵਕਤ ਲੱਗ ਗਿਆ। ਆਇਤ 10 ਤੋਂ ਸਾਨੂੰ ਇਕ ਗੱਲ ਤਾਂ ਪੱਕੀ ਪਤਾ ਲਗਦੀ ਹੈ ਕਿ ਪੌਲੁਸ ਯਹੂਦੀਆਂ ਦੀ ਬਦਸਲੂਕੀ ਤੋਂ ਡਰਦਾ ਸੀ।

ਇਸ ਲਈ ਖ਼ੁਦਾ ਨੇ ਪੌਲੁਸ ਨੂੰ ਡਰ ਤੋਂ ਛੁਟਕਾਰਾ ਪਾਉਣ ਵਿਚ ਮਦਦ ਲਈ ਇਕ ਆਖ਼ਰੀ ਬਰਕਤ ਭਾਵ ਯਿਸੂ ਵੱਲੋਂ ਖ਼ਾਸ ਦਰਸ਼ਣ ਅਤੇ ਸੰਦੇਸ਼ ਦਿੱਤਾ। ਦਮਿਸ਼ਕ ਦੇ ਰਾਹ ਤੇ, ਯਿਸੂ ਨੇ ਪੌਲੁਸ ਨਾਲ ਵਾਅਦਾ ਕੀਤਾ ਸੀ ਕਿ ਉਹ ਉਹਨੂੰ ਵਕਤ-ਬ-ਵਕਤ ਦਰਸ਼ਣ ਦਿੰਦਾ ਰਹੇਗਾ (26:16)। ਇਹ ਉਨ੍ਹਾਂ ਖ਼ਾਸ ਮੁਲਾਕਾਤਾਂ ਵਿੱਚੋਂ ਇਕ ਸੀ।[51]

> ਤਾਂ ਪ੍ਰਭੂ ਨੇ ਰਾਤ ਦੇ ਵੇਲੇ ਪੌਲੁਸ ਨੂੰ ਦਰਸ਼ਣ ਕੇ ਕੇ ਕਿਹਾ, ਨਾ ਡਰ ਸਗੋਂ ਬੋਲੀ ਜਾਹ ਅਤੇ ਚੁਪ ਨਾ ਰਹੁ। ਇਸ ਲਈ ਜੋ ਮੈਂ ਤੇਰੇ ਨਾਲ ਹਾਂ[52] ਅਤੇ ਕੋਈ ਤੈਨੂੰ ਦੁੱਖ ਦੇਣ ਲਈ ਤੇਰੇ ਉੱਤੇ ਹੱਲਾ ਨਾ ਕਰੇਗਾ ਕਿਉਂ ਜੋ ਇਸ ਸ਼ਹਿਰ ਵਿਚ ਮੇਰੇ ਬਹੁਤ ਸਾਰੇ ਲੋਕ ਹਨ (18:9, 10)।

ਮੈਂ ਪਹਿਲਾਂ ਸੁਝਾਅ ਦਿੱਤਾ ਸੀ ਕਿ ਪੌਲੁਸ ਉੱਤੇ ਅਤੀਤ, ਵਰਤਮਾਨ ਅਤੇ ਭਵਿੱਖ ਹਾਵੀ ਰਿਹਾ ਹੋਵੇਗਾ; ਉਹਨੂੰ ਦਰਸ਼ਣ ਦੇਣ ਵੇਲੇ ਯਿਸੂ ਨੇ ਇਨ੍ਹਾਂ ਤਿੰਨਾਂ ਵੱਲ ਧਿਆਨ ਦੁਆਇਆ ਸੀ। ਉਹਨੇ ਅਤੀਤ ਨੂੰ ਕੱਢ ਦਿੱਤਾ: ''ਨਾ ਡਰ।'' ਵਰਤਮਾਨ ਲਈ ਉਹਨੇ ਹੌਸਲਾ ਦਿੱਤਾ: ''ਬੋਲੀ ਜਾਹ ਅਤੇ ਚੁੱਪ ਨਾ ਰਹਿ ਇਸ ਲਈ ਜੋ ਮੈਂ ਤੇਰੇ ਨਾਲ ਹਾਂ।'' ਭਵਿੱਖ ਲਈ ਉਹਨੇ ਅਹਿਮ ਵਾਅਦਾ ਕੀਤਾ: ''ਕੋਈ ਤੈਨੂੰ ਦੁੱਖ ਦੇਣ ਲਈ ਤੇਰੇ ਉੱਤੇ ਹੱਲਾ ਨਾ ਕਰੇਗਾ ਕਿਉਂ ਜੋ ਇਸ ਸ਼ਹਿਰ ਵਿਚ ਮੇਰੇ ਬਹੁਤ ਸਾਰੇ ਲੋਕ ਹਨ।''

ਅਗਲੇ ਪਾਠ ਵਿਚ ਅਸੀਂ ਇਸ ਵਾਅਦੇ ਅਤੇ ਇਹਦੇ ਪੂਰਾ ਹੋਣ ਬਾਰੇ ਹੋਰ ਵੇਰਵੇ ਸਹਿਤ ਅਧਿਐਨ ਕਰਾਂਗੇ। ਪਰ ਮੈਂ ਸਿਰਫ਼ ਐਨਾਂ ਹੀ ਧਿਆਨ ਦੁਆਉਂਦਾ ਹਾਂ ਕਿ ਸਵਰਗੀ ਦਰਸ਼ਣ ਨੇ ਪੌਲੁਸ ਵਿਚ ਨਵਾਂ ਜੋਸ਼ ਭਰ ਦਿੱਤਾ ਸੀ। ਉਹ ਕੁਰਿੰਥੁਸ ਵਿਚ ਡੇਢ ਸਾਲ ਤਕ ਰਿਹਾ ਜੋ ਕਿ ਉਹਦੀਆਂ ਮਿਸ਼ਨਰੀ ਯਾਤਰਾਵਾਂ ਦੌਰਾਨ ਕਿਸੇ ਸ਼ਹਿਰ ਵਿਚ ਉਹਦੇ ਕੰਮ ਕਰਨ ਦਾ ਸਭ ਤੋਂ ਲੰਮਾਂ ਵਕਫ਼ਾ ਹੈ:[53] ''ਉਹ ਡੇਢ ਸਾਲ ਉੱਥੇ ਰਹਿ ਕੇ ਉਨ੍ਹਾਂ ਦੇ ਵਿਚ ਪ੍ਰਮੇਸ਼ਵਰ ਦਾ ਵਚਨ ਸਿਖਾਉਂਦਾ ਰਿਹਾ'' (ਆਇਤ 11)। ਇਸ ਦੌਰਾਨ ਪੌਲੁਸ ਨੇ 1 ਅਤੇ 2 ਥੱਸਲੁਨੀਕੀਆਂ ਲਿਖੇ।[54]

## ਸਾਰ

ਕੁਰਿੰਥੁਸ ਵਿਚ ਪੌਲੁਸ ਦੇ ਸ਼ੁਰੂਆਤੀ ਕੰਮ ਤੋਂ ਬਹੁਤ ਸਬਕ ਲਏ ਜਾ ਸਕਦੇ ਹਨ: (1) ਖ਼ੁਦਾ ਦੇ ਵਧੀਆ ਤੋਂ ਵਧੀਆ ਸੇਵਕ ਵੀ ਕਦੇ-ਕਦੇ ਡਰ ਜਾਂਦੇ ਹਨ। ਪੌਲੁਸ ਵੀ ਡਰ ਗਿਆ ਸੀ। ਸਾਨੂੰ ਆਪਣੇ ਅੰਦਰ ਦੇ ਡਰ ਨੂੰ ਮੰਨਣ ਤੋਂ ਸ਼ਰਮ ਨਹੀਂ ਕਰਨੀ ਚਾਹੀਦੀ। (2) ਜਦ ਡਰ ਸਾਡੇ ਦਿਲਾਂ ਉੱਤੇ ਛਾ ਜਾਂਦਾ ਹੈ, ਤਾਂ ਖ਼ੁਦਾ ਸਾਨੂੰ ਛੱਡਦਾ ਨਹੀਂ, ਸਗੋਂ ਉਹ ਸਾਡੀ ਮਦਦ ਲਈ ਸਾਡੇ ਨਾਲ ਰਹਿੰਦਾ ਹੈ। ਉਹ ਸਾਡੀ ਮਦਦ ਕੁਝ ਉਵੇਂ ਹੀ ਕਰਦਾ ਹੈ ਜਿਵੇਂ

ਉਹਨੇ ਪੌਲੁਸ ਦੀ ਕੀਤੀ ਸੀ। ਯਾਨੀ ਉਹ ਸਾਨੂੰ ਦਲੇਰੀ ਦੇਣ ਲਈ ਦੋਸਤ ਦਿੰਦਾ ਹੈ, ਨਵੇਂ ਸਿਰਿਓਂ ਤਾਜ਼ਗੀ ਦੇਣ ਲਈ ਕੰਮ ਦਿੰਦਾ ਹੈ, ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਮੌਕਾ ਦਿੰਦਾ ਹੈ ਅਤੇ ਕਾਇਮ ਰਹਿਣ ਲਈ ਵਾਅਦੇ ਦਿੰਦਾ ਹੈ (ਰੋਮੀਆਂ 8:28)। ਪੌਲੁਸ ਨੂੰ ਯਿਸੂ ਨੇ ਕਿਹਾ ਸੀ, ''ਮੈਂ ਤੇਰੇ ਨਾਲ ਹਾਂ''; ਸਾਨੂੰ ਵੀ ਉਹ ਕਹਿੰਦਾ ਹੈ, ''ਮੈਂ ਹਮੇਸ਼ਾ ਤੁਹਾਡੇ ਨਾਲ ਹਾਂ'' (ਮੱਤੀ 28:20)। (3) ਡਰ ਲੱਗਣ ਤੇ ਵੀ ਜੇ ਅਸੀਂ ਖ਼ੁਦਾ ਨੂੰ ਨਹੀਂ ਛੱਡਦੇ, ਤਾਂ ਉਹ ਸਾਨੂੰ ਬਰਕਤ ਦੇਵੇਗਾ; ਉਹਨੇ ਪੌਲੁਸ ਨੂੰ ਬਰਕਤ ਦਿੱਤੀ ਸੀ ਅਤੇ ਉਹ ਸਾਨੂੰ ਵੀ ਬਰਕਤ ਦੇਵੇਗਾ (2 ਤਿਮੋਥਿਉਸ 4:17, 18)।[55]

## ਸਰਮਨ ਨੋਟਸ

ਅਪੁੱਲੋਸ ਦੇ ਅਕੂਲਾ ਅਤੇ ਪ੍ਰਿਸਕਿੱਲਾ ਨੂੰ ਇਸ ਵਿਚ ਜਾਂ ਸਰਮਨ ਦੇ (18:24-28) ਇਕ ਖ਼ਾਸ ਪਾਠ ਵਿਚ ਵਿਖਾਇਆ ਜਾ ਸਕਦਾ ਹੈ। ਧਿਆਨ ਦਿਓ ਕਿ ਪ੍ਰਿਸਕਿੱਲਾ ਦਾ ਨਾਂਅ ਆਮ ਤੌਰ ਤੇ ਅਕੂਲਾ ਤੋਂ ਪਹਿਲਾਂ ਆਉਂਦਾ ਹੈ ਜਿਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਉਹ ਅਕੂਲਾ ਲਈ ਮਦਦਗਾਰ ਹੀ ਨਹੀਂ ਸਗੋਂ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਨ ਵਾਲੀ ਔਰਤ ਸੀ। ਇਸ ਨਿਰਾਲੇ ਜੋੜੇ ਬਾਰੇ ਹੋਰ ਜਾਣਕਾਰੀ ਰੋਮੀਆਂ 16:3-5; 1 ਕੁਰਿੰਥੀਆਂ 16:19 ਅਤੇ 2 ਤਿਮੋਥਿਉਸ 4:19 ਵਿਚ ਮਿਲ ਸਕਦੀ ਹੈ।

ਪੌਲ ਰੋਜਰਸ ਨੇ ਰਸੂਲਾਂ ਦੇ ਕੰਮ 18:9, 10 ਤੇ ਪੌਲੁਸ ਨੂੰ ਯਿਸੂ ਦੇ ਸ਼ਬਦਾਂ ਤੇ ਇਕ ਪਾਠ ਦੀ ਵਰਤੋਂ ਕੀਤੀ: (1) ''ਹੁਣ ਨਾ ਡਰ'' (ਆਮ ਤੌਰ ਤੇ ਪਾਏ ਜਾਣ ਵਾਲੇ ਡਰ ਦੀ ਗੱਲ)। (2) ''ਸਗੋਂ ਬੋਲੀ ਜਾਹ ਅਤੇ ਚੁੱਪ ਨਾ ਰਹਿ'' (ਦੂਜਿਆਂ ਨੂੰ ਯਿਸੂ ਬਾਰੇ ਦੱਸਣ ਦੀ ਲੋੜ ਤੇ ਜ਼ੋਰ)। (3) ''ਕਿਉਂਕਿ ਮੈਂ ਤੇਰੇ ਨਾਲ ਹਾਂ, ਅਤੇ ਕੋਈ ਤੇਰੇ ਉੱਤੇ ਹੱਲਾ ਨਾ ਕਰੇਗਾ'' (ਯਿਸੂ ਦੇ ਸਾਡੇ ਨਾਲ ਰਹਿਣ ਅਤੇ ਸਾਡੀ ਰਾਖੀ ਕਰਨ ਦੇ ਵਾਅਦੇ ਦੀ ਗੱਲ [ਮੱਤੀ 28:20; 2 ਥੱਸਲੁਨੀਕੀਆਂ 3:3; ਆਦਿ]) (ਪ੍ਰੀਚਰ'ਜ਼ ਪੀਰਿਓਡੀਕਲ, ਮਈ 1985 ਵਿਚ ''ਨੋ ਟਾਈਮ ਟੂ ਬੀ ਅਫ਼੍ਰੇਡ'')।

---

ਟਿੱਪਣੀਆਂ

[1]ਇਸ ਕਿਤਾਬ ਵਿਚ ''ਪੌਲੁਸ ਦੀ ਪਹਿਲੀ ਅਤੇ ਦੂਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ। ਨੋਟ: ਸਾਨੂੰ ਨਹੀਂ ਪਤਾ ਕਿ ਪੌਲੁਸ ਜ਼ਮੀਨੀ ਰਾਹ 'ਚੋਂ ਦੀ ਗਿਆ ਜਾਂ ਸਮੁੰਦਰੀ ਰਾਹ 'ਚੋਂ ਦੀ। ਦੋਵੇਂ ਹੀ ਸੰਭਾਵਨਾਵਾਂ ਸਾਨੂੰ ਨਹੀਂ ਪਤਾ ਕਿ ਪੌਲੁਸ ਜ਼ਮੀਨੀ ਰਾਹ 'ਚੋਂ ਦੀ ਗਿਆ ਜਾਂ ਸਮੁੰਦਰੀ ਰਾਹ 'ਚੋਂ ਦੀ। ਦੋਵੇਂ ਹੀ ਸੰਭਾਵਨਾਵਾਂ ਹਨ। [2]ਆਪਣੇ ਇਲਾਕੇ ਦੇ ਯੂਨੀਵਰਸਿਟੀ ਨਗਰ ਅਤੇ ਫਿਰ ਮਹਾਂਨਗਰੀ ਕੇਂਦਰ ਦਾ ਜ਼ਿਕਰ ਕਰਕੇ ਇਸ ਨੂੰ ਨਿੱਜੀ ਬਣਾ ਲਓ। ਮੈਂ ਇੱਥੇ ਆਰਕੈਂਸਾ ਵਿਚ ਕਹਿ ਸਕਦਾ ਹਾਂ ਕਿ ''ਫੇਅਟਵਿੱਲੇ [ਇੱਥੇ ਆਰਕੈਂਸਾ ਯੂਨੀਵਰਸਟੀ ਹੈ] ਤੋਂ ਲਿੱਟਲ ਰੌਕ [ਆਰਕੈਂਸਾ ਦੀ ਰਾਜਧਾਨੀ ਅਤੇ ਰਾਜ ਦਾ ਸਭ ਤੋਂ ਵੱਡਾ ਸ਼ਹਿਰ] ਜਿੰਨਾ ਹੋਵੇਗਾ।'' [3]NASB ਵਾਲੀ ਮੇਰੀ ਬਾਈਬਲ ਵਿਚ "any Longer" ਸ਼ਬਦ ਇਟੈਲਿਕ ਕੀਤਾ ਗਿਆ ਹੈ, ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਸ਼ਬਦ ਅਨੁਵਾਦਕਾਂ ਵੱਲੋਂ ਜੋੜੇ ਗਏ ਹਨ। ਪਰ ਯੂਨਾਨੀ ਲਿਖਤ ਵਿਚ ਵਰਤੇ ਗਏ ਗੱਲ ਕਾਲ ਤੋਂ ਸੰਕੇਤ ਮਿਲਦਾ ਹੈ ਕਿ ਪੌਲੁਸ ਦਾ ਡਰ ਲਗਾਤਾਰ ਬਣਿਆ ਹੋਇਆ ਸੀ। "any Longer" ਇਸ ਦਾ ਇਸ਼ਾਰਾ ਕਰਨ ਦਾ

ਇਕ ਢੰਗ ਹਨ।[4]ਪੌਲੁਸ ਦੀ ਇੱਕੋ ਇਕ ਮਹਿਫ਼ੂਜ਼ ਪੱਤਰੀ ਜੋ ਇਸ ਤੋਂ ਪਹਿਲਾਂ ਲਿਖੀ ਗਈ ਹੋ ਸਕਦੀ ਹੈ, ਗਲਾਤੀਆਂ ਦੀ ਪੱਤਰੀ ਹੈ।[5]ਪਿਛਲੇ ਪਾਠਾਂ ਵਿਚ ਵਧੇਰੇ ਜਾਣਕਾਰੀ ਦੇਣ ਲਈ ਅਸੀਂ ਗਲਾਤੀਆਂ 1 ਅਤੇ 2 ਦੀ ਵਰਤੋਂ ਕੀਤੀ।[6]ਇਸ ਪਾਠ ਵਿਚ 18:5 ਤੇ ਨੋਟਸ ਵੇਖੋ।[7]ਉਸ ਸਮੇਂ ਦੀ ਕੁਰਿੰਥੁਸ ਦੀ ਅਬਾਦੀ ਦੇ ਅੰਦਾਜ਼ੇ 2,00,000 ਤੋਂ 5,00,000 ਤਕ ਲਾਏ ਜਾਂਦੇ ਹਨ।[8]ਇਸ ਕਿਤਾਬ ਵਿਚ ''ਪੌਲੁਸ ਦੀ ਪਹਿਲੀ ਅਤੇ ਦੂਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ। ਹਰ ਦੂਜੇ ਸਾਲ ਕਾਲਪਨਿਕ ਦੇਵਤਾ ਓਸੇਡੋਨ ਨੂੰ ਸਮਰਪਤ ਕੁਰਿੰਥੁਸ ਵਿਚ ਇਸਥਮੀਅਨ ਖੇਡਾਂ ਕਰਵਾਈਆਂ ਜਾਂਦੀਆਂ ਸਨ। ਇਸਥਮੀਅਨ ਖੇਡਾਂ ਅਥੇਨੇ ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ ਦੇ ਬਾਅਦ ਦੂਜੇ ਨੰਬਰ ਤੇ ਸਨ। ਇਸ ਲਈ ਪੌਲੁਸ ਨੇ ਕੁਰਿੰਥੀਆਂ ਨੂੰ ਲਿਖਣ ਵੇਲੇ ਖੇਡਾਂ ਬਾਰੇ ਉਦਾਹਰਣਾਂ ਦੀ ਵਰਤੋਂ ਕੀਤੀ (ਵੇਖੋ 1 ਕੁਰਿੰਥੀਆਂ 9:24-27)।[9]ਏਵਨ ਮੈਲਨ, ''ਪ੍ਰੀਚਿੰਗ ਇਨ ਕੋਰਿੰਥ,'' *ਐਕਟਸ, ਦ ਸਪ੍ਰੈਡਿੰਗ ਫ਼ਲੇਮ* (ਸਰਸੀ, ਆਕਕੈਂਸਾ: ਹਾਰਡਿੰਗ ਯੂਨੀਵਰਸਿਟੀ, 1989), 199.[10]ਇਸ ਕਿਤਾਬ ਵਿਚ ਅੱਗੇ 18:18 ਤੇ ਨੋਟਸ ਵੇਖੋ। ਰੋਮੀਆਂ 16:1 ਵੀ ਵੇਖੋ।

[11]ਰੋਮ ਨੂੰ ਜਾਣ ਵਾਲੇ ਜਹਾਜ਼ ਉੱਥੋਂ ਸਮਾਨ ਲੈਣ ਵੀ ਆਉਂਦੇ ਸਨ।[12]ਨੀਰੋ ਦੇ ਵਕਤ ਇਸ ਨਹਿਰ ਦਾ ਕੰਮ ਸ਼ੁਰੂ ਹੋਇਆ ਅਤੇ 1893 ਵਿਚ ਪੂਰਾ ਹੋਇਆ। ਅੱਜ ਵੀ ਉਸ ਨਹਿਰ ਵਿੱਚੋਂ ਦੀ ਛੋਟੇ ਜਹਾਜ਼ ਜਾਂਦੇ ਹਨ।[13]ਰੋਮੀ ਲੋਕ ਇਸ ਦੇਵੀ ਨੂੰ ਵੀਨਸ ਆਖਦੇ ਸਨ।[14]ਅਕਰੋ-ਕੁਰਿੰਥ 1, 886 ਫੁੱਟ ਉੱਚਾ ਸੀ (ਅਤੇ ਹੈ)।[15]ਇਹ ਇਤਿਹਾਸਕ ਹਵਾਲੇ ਪੌਲੁਸ ਦੇ ਉੱਥੇ ਜਾਣ ਤੋਂ ਪਹਿਲਾਂ ਦੇ ਸਮੇਂ ਵੱਲ ਇਸ਼ਾਰਾ ਕਰਦੇ ਹਨ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਦੋਂ ਵੀ ਇੰਜ ਹੀ ਹੁੰਦਾ ਸੀ। ਵੇਖੋ 1 ਕੁਰਿੰਥੀਆਂ 6:15, 16ੳ, 18ੳ.[16]ਸਤ੍ਹਾਰਵੀਂ ਸਦੀ ਦੇ ਅਖ਼ੀਰ ਵਿਚ ਸ਼ੇਕਸਪੀਅਰ ਨੇ ''a Corinthian'' ਨੂੰ ਸ਼ਰਾਬੀ ਅਵਾਰਾ ਦੇ ਤੌਰ ਤੇ ਵਿਖਾਇਆ ਸੀ।[17]ਕੁਰਿੰਥੁਸ ਦੇ ਕਈ ਮੰਦਰਾਂ ਵਿਚ ਪਾਰਥਿਨੋਨ ਨਾਲੋਂ ਇਕ ਸੌ ਸਾਲ ਪਹਿਲਾਂ ਬਣਿਆ ਅਪੋਲੋ ਦਾ ਸ਼ਾਨਦਾਰ ਮੰਦਰ ਸੀ। ਸ਼ੁਰੂ 'ਚ ਇਹਦੇ ਅਠੱਤੀ ਖੰਭੇ ਸਨ ਜੋ ਅਜੇ ਵੀ ਮੌਜੂਦ ਹਨ, ਅਤੇ ਸਹੀ ਸਲਾਮਤ ਹਨ।[18]1 ਕੁਰਿੰਥੀਆਂ 1:21 ਖ਼ਾਸ ਕਰਕੇ ਕੁਰਿੰਥੀਆਂ ਦੀ ਗੱਲ ਹੈ, ਪਰ ਇਹ ਅਥੇਨੇ ਦੇ ਲੋਕਾਂ ਲਈ ਵੀ ਢੁਕਦਾ ਹੈ।[19]''ਅਕੂਲਾ'' ਇਕ ਰੋਮੀ ਨਾਂਅ ਹੈ ਜਿਹਦਾ ਮਤਲਬ ਹੈ ''ਉਕਾਬ।''[20]ਸਿਰਫ਼ ਅਕੂਲਾ ਨੂੰ ਹੀ ਖ਼ਾਸ ਤੌਰ ਤੇ ''ਇਕ ਯਹੂਦੀ'' ਕਿਹਾ ਗਿਆ, ਇਸ ਲਈ ਕਈਆਂ ਦਾ ਅੰਦਾਜ਼ਾ ਹੈ ਕਿ ਪ੍ਰਿਸਕਿੱਲਾ ਗੈਰ ਯਹੂਦੀ ਸੀ; ਪਰ ਲਗਦਾ ਹੈ ਕਿ ਉਹ ਵੀ ਯਹੂਦੀ ਹੀ ਸੀ।

[21]ਪੁੰਤੁਸ ਉੱਤਰੀ ਏਸ਼ੀਆ ਮਾਈਨਰ ਦਾ ਰੋਮੀ ਇਲਾਕਾ ਸੀ (ਸਫ਼ਾ 199 'ਤੇ ''ਪੌਲੁਸ ਦੀ ਪਹਿਲੀ ਅਤੇ ਦੂਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ)। ਪਿੰਤੇਕੁਸਤ ਦੇ ਦਿਨ ਪੁੰਤੁਸ ਤੋਂ ਆਏ ਯਹੂਦੀ ਵੀ ਉੱਥੇ ਸਨ (ਰਸੂਲਾਂ ਦੇ ਕੰਮ 2:9)। ਕਿਸੇ ਵਕਤ ਉੱਥੇ ਵੀ ਕਲੀਸੀਆ ਕਾਇਮ ਹੋਈ ਸੀ (1 ਪਤਰਸ 1:1)।[22]ਕਲੌਦਿਉਸ ਦਾ ਜ਼ਿਕਰ ਪਹਿਲਾਂ ਰਸੂਲਾਂ ਦੇ ਕੰਮ 11:28 ਵਿਚ ਆਇਆ ਸੀ। ਕਲੌਦਿਉਸ ਇੱਕੋ ਇਕ ਹਾਕਮ ਹੈ ਜਿਹਦਾ ਜ਼ਿਕਰ ਨਵੇਂ ਨੇਮ ਵਿਚ ਦੋ ਵਾਰ ਆਇਆ ਹੈ।[23]ਹੋ ਸਕਦਾ ਹੈ ਕਿ ਅਕੂਲਾ ਅਤੇ ਪ੍ਰਿਸਕਿੱਲਾ ਕੁਰਿੰਥੁਸ ਵਿਚ ਪੌਲੁਸ ਦੇ ਆਉਣ ਤੋਂ ਕੁਝ ਦੇਰ ਪਹਿਲਾਂ ਹੀ ਪਹੁੰਚੇ ਹੋਣ।[24]*ਦ ਬੁਕ ਆਫ਼ ਐਕਟਸ,* ਸੋਧਿਆ ਅੰਕ, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988), 347 ਵਿਚ ਐਫ਼. ਐਫ਼. ਬਰੂਸ ਵੱਲੋਂ ਦੁਹਰਾਇਆ ਗਿਆ।[25]''ਖ੍ਰੇਸਤੁਸ'' ਅਤੇ ''ਖ੍ਰਿਸਤੁਸ'' ਇੱਕੋ ਅਵਾਜ਼ ਦਿੰਦੇ ਹਨ। ਸਾਹਿਤ ਦੇ ਬਹੁਤ ਸਾਰੇ ਕੰਮਾਂ ਵਿਚ ਲੇਖਕ ਲਿਖਾਰੀ ਤੋਂ ਲਿਖਵਾਉਂਦਾ ਹੈ ਜਿਸ ਨੂੰ ਪੰਜਾਬੀ ਦੀ ਬਾਈਬਲ ਵਿਚ ਗ੍ਰੰਥੀ ਕਿਹਾ ਗਿਆ ਹੈ।[26]ਯਕੀਨਨ ਹੀ ਮਸੀਹੀ ਯਹੂਦੀਆਂ ਨੂੰ ਕੱਢਿਆ ਗਿਆ ਹੋਵੇਗਾ। ਕਈ ਲੋਕਾਂ ਦਾ ਮੰਨਣਾ ਹੈ ਕਿ ਇਬਰਾਨੀਆਂ ਦੀ ਕਿਤਾਬ ਰੋਮ ਵਿਚ ਯਹੂਦੀ ਮਸੀਹੀਆਂ ਦੇ ਇਕ ਸਮੂਹ ਲਈ ਲਿਖੀ ਗਈ ਸੀ ਅਤੇ ਇਹ ਕਿ ਇਬਰਾਨੀਆਂ 10:32-34 ਇਸ ਕੱਢੇ ਜਾਣ ਬਾਰੇ ਦੱਸਦੀ ਹੈ, ਜਿਸ ਨਾਲ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ ਗਿਆ।[27]ਜੇ ਇਹ ਗੱਲ ਹੈ ਤਾਂ ਲੂਕਾ ਨੇ ਇਸ ਤੱਤ ਦਾ ਜ਼ਿਕਰ ਇਹ ਦੱਸਣ ਲਈ ਕੀਤਾ ਹੋਵੇਗਾ ਕਿ ਅਕੂਲਾ ਇਕ ਯਹੂਦੀ ਸੀ ਅਤੇ ਉਹਨੂੰ ਅਤੇ ਪ੍ਰਿਸਕਿੱਲਾ ਨੂੰ ਰੋਮ ਵਿੱਚੋਂ ਕੱਢ ਦਿੱਤਾ ਗਿਆ ਸੀ।[28]''ਬਰਾਦਰੀ'' ਇੱਕੋ ਕਿਰਤ ਨਾਲ ਜੁੜੇ ਲੋਕਾਂ ਦੇ ਸੰਗਠਨ ਨੂੰ ਕਿਹਾ ਜਾਂਦਾ ਸੀ, ਜੋ ਮਜ਼ਦੂਰ ਯੂਨੀਅਨਾਂ ਵਾਂਗ ਹੁੰਦੇ ਸਨ।[29]''ਪ੍ਰਿਸਕਿੱਲਾ'' ਨੂੰ ''ਪ੍ਰਿਸਕਾ'' ਵੀ ਕਿਹਾ ਜਾਂਦਾ ਸੀ (ਵੇਖੋ 1 ਕੁਰਿੰਥੀਆਂ 16:19; 2 ਤਿਮੋਥਿਉਸ 4:19)।[30]ਜਿਸ ਵਕਤ ਪੌਲੁਸ ਨੇ ਇਹ ਲਿਖਿਆ, ਅਕੂਲਾ ਅਤੇ ਪ੍ਰਿਸਕਿੱਲਾ ਵਾਪਸ ਰੋਮ ਵਿਚ ਚਲੇ ਗਏ ਸਨ। ਕੁਝ ਦੁਨਿਆਵੀ ਲੇਖਕ ਇਹ ਸੰਕੇਤ ਦਿੰਦੇ ਹਨ ਕਿ ਰੋਮ ਤੋਂ ਯਹੂਦੀਆਂ ਦਾ ਬਨਵਾਸ ਸਿਰਫ਼ ਦੋ ਸਾਲ ਤਕ ਰਿਹਾ।

[31]ਉਸ ਜ਼ਮਾਨੇ ਵਿਚ ਇਕ ਰੱਬੀ ਲਈ ਕਿਸੇ ਹੋਰ ਕਿਰਤ ਨੂੰ ਸਿੱਖਣਾ ਅਤੇ ਕਰਨਾ ਆਮ ਗੱਲ ਸੀ। ਯਹੂਦੀਆਂ ਦਾ ਮੰਨਣਾ ਸੀ ਕਿ ਲੋਕ ਇਸ ਨਾਲ ਰੱਬੀ ਜੀਵਨ ਦੀ ਹਕੀਕਤ ਨਾਲ ਜੁੜੇ ਰਹਿੰਦੇ ਹਨ।[32]ਸ਼ਾਇਦ ਪੌਲੁਸ ਦੇ

ਪਿਤਾ ਨੇ ਉਹਨੂੰ ਤੰਬੂ ਬਣਾਉਣ ਦਾ ਕੰਮ ਸਿਖਾਇਆ ਸੀ; ਉਸ ਜ਼ਮਾਨੇ ਵਿਚ ਆਮ ਤੌਰ ਤੇ ਬੇਟਾ ਆਪਣੇ ਬਾਪ ਦੇ ਪੇਸ਼ੇ ਨੂੰ ਹੀ ਅਪਣਾਉਂਦਾ ਸੀ। [33]ਪੌਲੁਸ ਜਿੱਥੇ ਵੀ ਪ੍ਰਚਾਰ ਕਰਨ ਜਾਂਦਾ ਉੱਥੇ ਉਹ ਆਮ ਤੌਰ ਤੇ ਆਪਣੇ ਗੁਜ਼ਾਰੇ ਲਈ ਉਨ੍ਹਾਂ ਤੋਂ ਤਨਖ਼ਾਹ ਨਹੀਂ ਲੈਂਦਾ ਸੀ (ਰਸੂਲਾਂ ਦੇ ਕੰਮ 20:34; 1 ਕੁਰਿੰਥੀਆਂ 9:1-18; 2 ਕੁਰਿੰਥੀਆਂ 11:7-9; ਫ਼ਿਲਿੱਪੀਆਂ 4:15-17; 1 ਥੱਸਲੁਨੀਕੀਆਂ 2:9; 4:11; 2 ਥੱਸਲੁਨੀਕੀਆਂ 3:8)। ਪਰ ਜਿਵੇਂ ਕਿ ਅਸੀਂ ਵੇਖਾਂਗੇ, ਉਹਨੇ ਹੋਰ ਮੰਡਲੀਆਂ ਤੋਂ ਕੁਝ ਮਦਦ ਕਬੂਲ ਕੀਤੀ। ਫਿਰ ਪੌਲੁਸ ਨੇ ਜ਼ੋਰ ਦੇ ਕੇ ਕਿਹਾ ਕਿ ਇਕ ਪ੍ਰਚਾਰਕ ਲਈ ਇਹ ਜਾਇਜ਼ ਹੈ ਕਿ ਜਿਨ੍ਹਾਂ ਨੂੰ ਉਹ ਵਚਨ ਸੁਣਾਵੇ, ਉੱਥੋਂ ਦੇ ਲੋਕ ਉਹਦਾ ਖ਼ਰਚਾ ਵੀ ਝੱਲਣ (1 ਕੁਰਿੰਥੀਆਂ 9:1-18)। ਜਿਵੇਂ ਇਸ ਪਾਠ ਵਿਚ ਵੇਖਿਆ ਗਿਆ ਹੈ ਕਿ ਅਲੋਚਨਾ ਤੋਂ ਬਚਣ ਲਈ ਪੌਲੁਸ ਨੇ ਆਪਣੇ ਇਸ ਹੱਕ ਦੀ ਵਰਤੋਂ ਨਹੀਂ ਕੀਤੀ, ਪਰ ਉਹਦੇ ਵਿਰੋਧੀਆਂ ਨੇ ਬਾਅਦ ਵਿਚ ਇਸੇ ਗੱਲ ਲਈ ਉਹਦੀ ਨੁਕਤਾਚੀਨੀ ਕੀਤੀ (2 ਕੁਰਿੰਥੀਆਂ 11:7-9)। ਸ਼ਾਇਦ ਉਨ੍ਹਾਂ ਨੇ ਇਹ ਕਿਹਾ ਕਿ ਉਹਨੇ ਤਨਖ਼ਾਹ ਲੈਣੀ ਇਸ ਲਈ ਕਬੂਲ ਨਹੀਂ ਕੀਤੀ ਕਿਉਂਕਿ ਉਹਨੂੰ ਪਤਾ ਸੀ ਕਿ ਉਹ ਇਹਦੇ ਯੋਗ ਨਹੀਂ ਹੈ। ਸਾਨੂੰ ਅਲੋਚਨਾ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜੇ ਲੋਕਾਂ ਨੇ ਨੁਕਸ ਕੱਢਣ ਦਾ ਧਾਰ ਹੀ ਲਿਆ ਹੋਵੇ, ਤਾਂ ਉਹ ਨੁਕਤਾਚੀਨੀ ਕਰਨ ਲਈ ਸਾਡੇ ਵਿਚ *ਕੋਈ ਨਾ ਕੋਈ* ਗਲਤੀ ਕੱਢ ਹੀ ਦੇਣਗੇ। [34]ਬਾਅਦ ਵਿਚ ਹੋਰ ਸ਼ਹਿਰਾਂ ਵਿਚ ਕਲੀਸੀਆ ਅਕੂਲਾ ਅਤੇ ਪ੍ਰਿਸਕਿੱਲਾ ਦੇ ਘਰ ਇਕੱਠੀ ਹੁੰਦੀ ਸੀ (ਰੋਮੀਆਂ 16:3-5; 1 ਕੁਰਿੰਥੀਆਂ 16:19)। [35]ਪੱਥਰ ਤੇ ਉੱਕਰੀ ਹੋਈ ਖੁਦਾਈ ਵਿਚ ਲਿਖਿਆ ਹੈ ''ਇਬਰਾਨੀਆਂ ਦਾ ਸਿਨਾਗੋਗ।'' ਇਹਦਾ ਸਮਾਂ 100 ਈ.ਪੂ. ਤੋਂ 200 ਈ.ਪੂ. ਤਕ ਦੱਸਿਆ ਜਾਂਦਾ ਹੈ। ਇਹ ਪੱਥਰ ਲੇਕਿਉਮ ਨੂੰ ਜਾਣ ਵਾਲੇ ਰਾਹ ਦੇ ਨੇੜੇ ਮਿਲਿਆ ਸੀ। [36]ਹੋ ਸਕਦਾ ਹੈ ਕਿ ਪੌਲੁਸ ਨੇ ਬਰੀਆ ਵਿਚ ਤਿਮੋਥਿਉਸ ਲਈ ਸੁਨੇਹਾ ਭੇਜਿਆ ਕਿ ਉਹ ਅਥੇਨੇ ਵਿਚ ਆਉਣ ਦੀ ਬਜਾਏ ਥੱਸਲੁਨੀਕੇ ਨੂੰ ਮੁੜ ਜਾਵੇ। ਪਰ 1 ਥੱਸਲੁਨਕੀਆਂ 3:1, 2 ਦੀ ਵਧੇਰੇ ਸੁਭਾਵਕ ਵਿਆਖਿਆ ਇਹ ਹੈ ਕਿ ਤਿਮੋਥਿਉਸ ਬੇਨਤੀ ਮੁਤਾਬਕ ਅਥੇਨੇ ਵਿਚ ਆਇਆ ਅਤੇ ਫਿਰ ਉਹਨੂੰ ਥੱਸਲੁਨੀਕੇ ਵਿਚ ਭੇਜ ਦਿੱਤਾ ਗਿਆ। [37]ਇਹ ਸ਼ਾਇਦ ਇਸ ਤੱਥ ਤੇ ਅਧਾਰਤ ਹੈ ਕਿ ਸੀਲਾਸ ਅਤੇ ਤਿਮੋਥਿਉਸ ਫ਼ਿਲਿੱਪੈ ਦੀ ਕਲੀਸੀਆ ਤੋਂ ਕੁਝ ਚੰਦਾ ਲੈ ਕੇ ਆਏ ਹੋਣਗੇ (ਪਾਠ ਵਿਚ ਅਗਲੀਆਂ ਟਿੱਪਣੀਆਂ ਵੇਖੋ)। ਤਿਮੋਥਿਉਸ ਥੱਸਲੁਨੀਕੇ ਤੋਂ ਆਇਆ ਇਸ ਲਈ ਇਹ ਮੰਨਣਾ ਹੀ ਤਰਕਸੰਗਤ ਹੈ ਕਿ ਸੀਲਾਸ ਫ਼ਿਲਿੱਪੈ ਤੋਂ ਆਇਆ ਅਤੇ ਪੌਲੁਸ ਨੇ ਉਹਨੂੰ ਇਹ ਵੇਖਣ ਲਈ ਭੇਜਿਆ ਕਿ ਉੱਥੇ ਭਾਈਆਂ ਦਾ ਕੀ ਹਾਲ ਹੈ, ਜਿਵੇਂ ਥੱਸਲੁਨੀਕੇ ਵਿਚ ਉਹਨੇ ਤਿਮੋਥਿਉਸ ਨੂੰ ਭੇਜਿਆ ਸੀ। [38]ਮਕਦੂਨੀਆ ਤੋਂ ਪਹਿਲੀ ਵਾਰ ਕੂਚ ਕਰਨ ਵੇਲੇ ਫ਼ਿਲਿੱਪੈ ਦੇ ਮਸੀਹੀ ਲੋਕਾਂ ਨੇ ਹੀ ਮਦਦ ਕੀਤੀ ਸੀ (ਫ਼ਿਲਿੱਪੀਆਂ 4:15, 16) ਅਤੇ ਜ਼ਾਹਿਰ ਤੌਰ ਤੇ ਸੀਲਾਸ ਅਤੇ ਤਿਮੋਥਿਉਸ ਮਕਦੂਨੀਆਂ ਤੋਂ ਮਦਦ ਲੈ ਕੇ ਆਏ ਸਨ (2 ਕੁਰਿੰਥੀਆਂ 11:9), ਇਸ ਕਰਕੇ ਉਹ ਮਦਦ ਜ਼ਰੂਰ ਹੀ ਫ਼ਿਲਿੱਪੈ ਤੋਂ ਆਈ ਹੋਵੇਗੀ। [39]ਜੇ ''ਭਰਾਵਾਂ'' ਸ਼ਬਦ ਸੀਲਾਸ ਅਤੇ ਤਿਮੋਥਿਉਸ ਲਈ ਨਹੀਂ ਹੈ, ਤਾਂ ਕਿਹਦੇ ਲਈ ਹੈ, ਸਾਨੂੰ ਨਹੀਂ ਪਤਾ। [40]ਇਸ ਤੋਂ ਭਾਵ ਇਹ ਹੋ ਸਕਦਾ ਹੈ ਕਿ ਖ਼ੁਦਾ ਦੇ ਵਚਨ ਨੇ (ਯਿਰਮਿਯਾਹ ਦੀਆਂ ਹੱਡੀਆਂ ਵਿਚ ਲੱਗੀ ਅੱਗ ਵਾਂਗ) ਪੌਲੁਸ ਨੂੰ ਮਜ਼ਬੂਤੀ ਨਾਲ ਬੋਲਣ ਲਈ ਮਜਬੂਰ ਕੀਤਾ ਸੀ। ਕਈ ਅਨੁਵਾਦਕਾਂ ਅਤੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਮਕਦੂਨੀਆ ਤੋਂ ਆਏ ਦਾਨ ਨਾਲ ਪੌਲੁਸ ਨੂੰ ਪ੍ਰਚਾਰ ਕਰਨ ਦੀ ਦਲੇਰੀ ਮਿਲੀ, ਕਿਉਂਕਿ ਹੁਣ ਹਰ ਰੋਜ਼ ਉਹਨੂੰ ਹੱਥੀਂ ਕੰਮ ਕਰਨ ਦੀ ਲੋੜ ਨਹੀਂ ਸੀ (ਘੱਟੋ-ਘੱਟ ਥੋੜ੍ਹੀ ਦੇਰ ਲਈ)।

[41]ਕੁਰਿੰਥੁਸ ਵਿਚ ਪੌਲੁਸ ਦੇ ਮੂਲ ਸੰਦੇਸ਼ ਦੇ ਵਿਸਤਾਰ ਲਈ, ਵੇਖੋ 1 ਕੁਰਿੰਥੀਆਂ 1:18-25; 2:2; 15:1-8. [42]ਇਕ ਵਾਰ ਫੇਰ, ਪੌਲੁਸ ਦੀ ਗੱਲ ਦਾ ਕਿ ਉਹ ਉਦੋਂ ਤੋਂ ਗੈਰ ਕੌਮਾਂ ਵਿਚ ਜਾਏਗਾ ਸਿਰਫ਼ ਸਥਾਨਕ ਮਹੱਤਵ ਹੀ ਸੀ। ਉਹਨੇ ਮੌਕਾ ਮਿਲਣ ਤੇ ਯਹੂਦੀਆਂ ਵਿਚ ਪ੍ਰਚਾਰ ਕਰਨਾ ਛੱਡਿਆ ਨਹੀਂ ਸੀ (ਆਇਤ 19)। [43]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ 13:50, 51 ਤੇ ਨੋਟਸ ਵੇਖੋ। ਪੁਰਾਣੇ ਨੇਮ ਦੀ ਇਕ ਹੋਰ ਉਦਾਹਰਣ ਲਈ, ਵੇਖੋ ਨਹਮਯਾਹ 5:13. [44]ਰਸੂਲਾਂ ਦੇ ਕੰਮ ਕਿਤਾਬ ਵਿਚ ''ਖ਼ੁਦਾ ਦੀ ਬੰਦਗੀ ਕਰਨ ਵਾਲਾ'' ਸ਼ਬਦ ਆਮ ਤੌਰ ਤੇ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਦਾ ਸੰਕੇਤ ਹੈ। ਸ਼ਾਇਦ ਤੀਤੁਸ ਯੂਸਤੁਸ ਮਸੀਹੀ ਬਣ ਗਿਆ ਸੀ; ਇਹ ਨਹੀਂ ਪਤਾ ਕਿ ਉਹ ਪੌਲੁਸ ਨੂੰ ਆਪਣੇ ਘਰ ਸੱਦਣ ਤੋਂ ਪਹਿਲਾਂ ਮਸੀਹੀ ਬਣਿਆ ਸੀ ਜਾਂ ਬਾਅਦ ਵਿਚ। [45]ਕਈਆਂ ਦਾ ਅੰਦਾਜ਼ਾ ਹੈ ਕਿ ਇਹ ਤੀਤੁਸ ਉਹੀ ਹੈ ਜੋ ਬਾਅਦ ਵਿਚ ਪੌਲੁਸ ਦਾ ਹਮਸਫ਼ਰ ਬਣ ਗਿਆ (ਤੀਤੁਸ 1:4, 5), ਪਰ ਅਜਿਹੀ ਸੰਭਾਵਨਾ ਨਹੀਂ ਲਗਦੀ। [46]ਇਹਦਾ ਮਤਲਬ ਇਹ ਨਹੀਂ ਹੈ ਕਿ ਪੌਲੁਸ ਨੇ ਤੀਤੁਸ ਯੁਸਤੁਸ ਦੇ ਘਰ ਰਹਿਣ ਲਈ ਅਕੂਲਾ ਅਤੇ ਪ੍ਰਿਸਕਿੱਲਾ ਦਾ ਘਰ ਛੱਡ ਦਿੱਤਾ। ਤੀਤੁਸ ਯੁਸਤੁਸ ਦਾ ਘਰ ਯਿਸੂ ਬਾਰੇ ਹੋਰ ਜਾਣਨ ਦੀ ਚਾਹ ਰੱਖਣ ਵਾਲਿਆਂ ਨੂੰ ਸਿਖਾਉਣ ਲਈ ਵਰਤਿਆ ਜਾਂਦਾ ਸੀ। [47]ਰੋਮੀ ਲੋਕਾਂ ਦੇ ਤਿੰਨ ਨਾਂਅ ਹੋਣਾ ਆਮ ਗੱਲ ਸੀ। [48]ਸਿਨਾਗੋਗ ਦਾ ਆਗੂ ਉੱਥੇ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਸੇਵਾਵਾਂ ਲਈ ਜ਼ਿੰਮੇਵਾਰ ਹੁੰਦਾ ਸੀ (ਵੇਖੋ 13:15)। ਇਹ ਹੋ ਸਕਦਾ ਹੈ ਕਿ ਕੁਰਿੰਥੁਸ ਦੇ ਸਿਨਾਗੋਗ ਵਿਚ ਇਕ

ਤੋਂ ਵੱਧ ਹਾਕਮ ਹੋਣ (13: 15 ਵਾਂਗ)। ਉਨ੍ਹਾਂ ਵਿੱਚੋਂ ਇਕ ਕ੍ਰਿਸਪੁਸ ਅਤੇ ਦੂਜਾ ਸੋਸਥਨਸ ਹੋਵੇਗਾ (18: 17)। ਪਰ ਇਹ ਬਹੁਤਾ ਮੁਮਕਿਨ ਲਗਦਾ ਹੈ ਕਿ ਕ੍ਰਿਸਪੁਸ ਦੇ ਮਸੀਹੀ ਬਣਨ ਤੇ ਸੋਸਥਨਸ ਨੂੰ ਉਹਦੀ ਥਾਂ ਠਹਿਰਾ ਦਿੱਤਾ ਗਿਆ। [49]ਰਸੂਲਾਂ ਦੇ ਕੰਮ ਕਿਤਾਬ ਵਿਚ ਅਸੀਂ ਤੀਜੀ ਥਾਂ ਕਿਸੇ ‘‘ਪਰਿਵਾਰ ਦੀ ਮਨਬਦਲੀ’’ ਬਾਰੇ ਪੜ੍ਹਿਆ ਹੈ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ‘‘ਰਸੂਲਾਂ ਦੇ ਕੰਮ, 3’’ ਵਿਚ 16: 15 ਤੇ ਨੋਟਸ ਵੇਖੋ। [50]ਅਗਲੇ ਪਾਠ ਵਿਚ 18: 12-17 ਦਾ ਅਧਿਐਨ ਕਰਦਿਆਂ ਇਸ ਨੂੰ ਧਿਆਨ ਵਿੱਚੋਂ ਰੱਖੋ।

[51]ਪੌਲੁਸ ਨੂੰ ਯਿਸੂ ਦੇ ਹੋਰ ਦਰਸ਼ਣ ਰਸੂਲਾਂ ਦੇ ਕੰਮ 9: 1-6; 22: 17, 18; 23: 11; 27:23-25; 2 ਤਿਮੋਥਿਉਸ 4: 16, 17 ਵਿਚ ਲਿਖੇ ਮਿਲਦੇ ਹਨ। [52]ਯਸਾਯਾਹ 43: 5 ਵੀ ਵੇਖੋ। [53]ਉਹ ਅਫ਼ਸੁਸ ਵਿਚ ਬਹੁਤੀ ਦੇਰ ਰਿਹਾ (ਰਸੂਲਾਂ ਦੇ ਕੰਮ 19: 10)। [54]1 ਥੱਸਲੁਨੀਕੀਆਂ ਕੁਰਿੰਥੁਸ ਵਿਚ ਤਿਮੋਥਿਉਸ ਵੱਲੋਂ ਪੌਲੁਸ ਨੂੰ ਉਨ੍ਹਾਂ ਦੀਆਂ ਗੱਲਾਂ ਦੱਸਣ ਦੇ ਥੋੜ੍ਹੀ ਦੇਰ ਬਾਅਦ ਲਿਖਿਆ ਗਿਆ (1 ਥੱਸਲੁਨੀਕੀਆਂ 3: 6)। ਫਿਰ ਤਿਮੋਥਿਉਸ ਨੂੰ ਉਹ ਚਿੱਠੀ ਦੇ ਕੇ ਥੱਸਲੁਨੀਕੇ ਭੇਜਿਆ ਗਿਆ। ਉਹਦੇ ਵਾਪਸ ਆਉਣ ਤੇ ਪੌਲੁਸ ਨੇ ਉਹਦੇ ਬਾਅਦ ਅਗਲੀ ਚਿੱਠੀ ਲਿਖੀ। ਦੂਜੀ ਚਿੱਠੀ ਵੀ ਕੁਰਿੰਥੁਸ ਤੋਂ ਹੀ ਲਿਖੀ ਗਈ ਹੋਵੇਗੀ (ਧਿਆਨ ਦਿਓ ਕਿ 2 ਥੱਸਲੁਨੀਕੀਆਂ ਦੀ ਪਹਿਲੀ ਆਇਤ ਵਿਚ ਸੀਲਾਸ ਦਾ ਜ਼ਿਕਰ ਹੈ; ਰਸੂਲਾਂ ਦੇ ਕੰਮ ਵਿਚ ਸਿਲਾਸ ਦਾ ਜ਼ਿਕਰ ਆਖ਼ਰੀ ਵਾਰ ਕੁਰਿੰਥੁਸ ਵਿਚ ਹੀ ਆਇਆ ਹੈ [ਰਸੂਲਾਂ ਦੇ ਕੰਮ 18: 5])। [55]ਜੇ ਇਸ ਪਾਠ ਦੀ ਵਰਤੋਂ ਸਰਮਨ ਦੇ ਰੂਪ ਵਿਚ ਕੀਤੀ ਜਾਵੇ, ਤਾਂ ਸੱਦੇ ਵਿਚ ਕ੍ਰਿਸਪੁੱਸ ਦੀ ਮਨਬਦਲੀ ਵੱਲ ਧਿਆਨ ਦੁਆਇਆ ਜਾ ਸਕਦਾ ਹੈ। ਮਸੀਹ ਲਈ ਫ਼ੈਸਲਾ ਕਰਨਾ ਉਨ੍ਹਾਂ ਵਾਸਤੇ ਬਹੁਤ ਮਹਿੰਗਾ ਸੀ, ਪਰ ਇਹੀ ਸਹੀ ਫ਼ੈਸਲਾ ਸੀ। ਸੁਣਨ ਵਾਲਿਆਂ ਨੂੰ ਚੁਣੌਤੀ ਦਿੱਤੀ ਜਾਵੇ ਕਿ ਉਹ ਕ੍ਰਿਸਪੁਸ ਵਾਂਗ ਫ਼ੈਸਲਾ ਲੈਣ, ਭਾਵੇਂ ਉਹ ਕਿੰਨਾ ਵੀ ਮਹਿੰਗਾ ਕਿਉਂ ਨਾ ਪਵੇ।

© 2009 Truth for Today